ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਐਤਵਾਰ, 27 ਜੁਲਾਈ 2025 (ਨਾਨਕਸ਼ਾਹੀ ਸੰਮਤ : ੫੫੭, ੧੧ ਸਾਵਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਸਿੱਖ ਨੌਜਵਾਨ ਨੂੰ ਕੜਾ ਪਾਉਣ ਕਰਕੇ ਪ੍ਰੀਖਿਆ ਕੇਂਦਰ 'ਚ ਜਾਣ ਤੋਂ ਰੋਕਿਆ, ਹੋਇਆ ਹੰਗਾਮਾ

**ਚੰਡੀਗੜ੍ਹ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਵਿੱਚ ਅੱਜ ਤੋਂ ਸੀਈਟੀ ਪ੍ਰੀਖਿਆ ਸ਼ੁਰੂ ਹੋ ਗਈ, ਜੋ 26 ਅਤੇ 27 ਜੁਲਾਈ ਨੂੰ ਦੋ ਸ਼ਿਫਟਾਂ ਵਿੱਚ ਲਈ ਜਾਵੇਗੀ। ਇਹ ਪ੍ਰੀਖਿਆ HSSC (Haryana Staff Selection Commission) ਦੁਆਰਾ ਗਰੁੱਪ-ਸੀ ਦੀਆਂ ਅਸਾਮੀਆਂ ਲਈ ਕਰਵਾਈ ਜਾ ਰਹੀ ਹੈ। ਦੱਸ ਦੇਈਏ ਕਿ ਅੱਜ ਦੋ ਸ਼ਿਫਟਾਂ ਵਿਚ ਹੋਣ ਵਾਲੀ ਪ੍ਰੀਖਿਆ ਪੂਰੀ ਹੋ ਚੁੱਕੀ ਹੈ। ਪ੍ਰੀਖਿਆ ਦੌਰਾਨ ਬਹੁਤ ਸਾਰੇ ਉਮੀਦਵਾਰ ਖ਼ੁਸ਼ ਸਨ, ਜਦਕਿ ਹਿਸਾਰ ਵਿੱਚ ਇੱਕ ਸਿੱਖ ਨੌਜਵਾਨ ਨੂੰ ਦੂਜੀ ਸ਼ਿਫਟ ਦੀ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ, ਕਿਉਂਕਿ ਉਸਨੇ ਹੱਥ ਵਿਚ ਕੜਾ ਪਾਇਆ ਹੋਇਆ ਸੀ। ਦੱਸ ਦੇਈਏ ਕਿ ਪ੍ਰੀਖਿਆ ਕੇਂਦਰ ਦੇ ਬਾਹਰ ਕੜਾ ਉਤਾਰਨ ਨੂੰ ਲੈ ਕੇ ਹੰਗਾਮਾ ਹੋ ਗਿਆ। ਉਕਤ ਨੌਜਵਾਨ ਨੂੰ ਕਿਰਪਾਨ ਪਾ ਕੇ ਅੰਦਰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਪਰ ਕੁਝ ਦੇਰ ਬਾਅਦ ਉਸ ਨੂੰ ਕੜਾ ਪਾ ਕੇ ਪੇਪਰ ਦੇਣ ਲਈ ਅੰਦਰ ਭੇਜ ਦਿੱਤਾ ਗਿਆ। ਦੂਜੇ ਪਾਸੇ ਪ੍ਰੀਖਿਆ ਦੌਰਾਨ ਜੁੜਵਾਂ ਉਮੀਦਵਾਰਾਂ ਨੂੰ ਦੇਖ ਕੇ ਵੀ ਭੰਬਲਭੂਸਾ ਪੈ ਗਿਆ ਸੀ। ਜਦੋਂ ਸੁਪਰਡੈਂਟ ਨੇ ਸਿਰਸਾ ਵਿੱਚ ਉਮੀਦਵਾਰਾਂ ਦੀਆਂ ਫੋਟੋਆਂ ਸਕੈਨ ਕੀਤੀਆਂ ਤਾਂ 2 ਰੋਲ ਨੰਬਰਾਂ 'ਤੇ ਉਹੀ ਫੋਟੋ ਦਿਖਾਈ ਦਿੱਤੀ। ਜਦੋਂ ਉਸਨੇ ਹੈਰਾਨੀ ਨਾਲ ਉਮੀਦਵਾਰਾਂ ਤੋਂ ਪੁੱਛਿਆ ਤਾਂ ਉਸਨੂੰ ਪਤਾ ਲੱਗਾ ਕਿ ਕੁਝ ਜੁੜਵਾਂ ਭਰਾ ਸਨ ਅਤੇ ਕੁਝ ਜੁੜਵਾਂ ਭੈਣਾਂ ਸਨ। ਸੂਤਰਾਂ ਅਨੁਸਾਰ ਪੇਪਰ ਦੇਣ ਤੋਂ ਪਹਿਲਾ ਉਮੀਦਵਾਰਾਂ ਦੇ ਜੁੱਤੇ ਉਤਾਰ ਕੇ ਉਹਨਾਂ ਦੀ ਚੈਕਿੰਗ ਕੀਤੀ ਗਈ।

## ਜੈਪੁਰ ਹਵਾਈ ਅੱਡੇ ਅਤੇ ਸੀਐਮਓ ਨੂੰ ਬੰਬ ਨਾਲ ਉਡਾਉਣ ਦੀ ਧਮਕੀ

# ਅਲਰਟ ਮੋਡ 'ਤੇ ਸੁਰੱਖਿਆ ਏਜੰਸੀਆਂ

**ਨਵੀਂ ਦਿੱਲੀ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਰਾਜਸਥਾਨ ਦੀ ਰਾਜਧਾਨੀ ਜੈਪੁਰ 'ਚ ਅੱਜ ਸਵੇਰੇ ਉਸ ਸਮੇਂ ਹੜਕੰਪ ਮਚ ਗਿਆ ਜਦੋਂ ਹਵਾਈ ਅੱਡਾ ਪ੍ਰਸ਼ਾਸਨ ਨੂੰ ਇੱਕ ਧਮਕੀ ਭਰਿਆ ਈ-ਮੇਲ ਮਿਲਿਆ। ਇਸ ਈ-ਮੇਲ ਵਿੱਚ ਜੈਪੁਰ ਹਵਾਈ ਅੱਡੇ ਨੂੰ ਬੰਬ ਨਾਲ ਉਡਾਉਣ ਦੀ ਗੱਲ ਕਹੀ ਗਈ ਸੀ। ਇਸ ਦੇ ਨਾਲ ਹੀ ਮੁੱਖ ਮੰਤਰੀ ਦਫ਼ਤਰ ਨੂੰ ਇੱਕ ਜਾਂ ਦੋ ਘੰਟਿਆਂ ਵਿੱਚ ਨਿਸ਼ਾਨਾ ਬਣਾਉਣ ਦੀ ਧਮਕੀ ਵੀ ਦਿੱਤੀ ਗਈ ਸੀ। ਈ-ਮੇਲ ਮਿਲਦੇ ਹੀ ਸੁਰੱਖਿਆ ਏਜੰਸੀਆਂ ਹਰਕਤ ਵਿੱਚ ਆ ਗਈਆਂ ਅਤੇ ਹਵਾਈ ਅੱਡੇ ਦੇ ਅਹਾਤੇ ਵਿੱਚ ਇੱਕ ਤੀਬਰ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਧਮਕੀ ਭਰੀ ਈਮੇਲ ਮਿਲਦੇ ਹੀ ਸੀਆਈਐਸਐਫ ਨੇ ਹਵਾਈ ਅੱਡੇ ਦੀ ਸੁਰੱਖਿਆ ਨੂੰ ਹਾਈ ਅਲਰਟ 'ਤੇ ਰੱਖਦੇ ਹੋਏ ਇੱਕ ਸਰਚ ਮੁਹਿੰਮ ਸ਼ੁਰੂ ਕਰ ਦਿੱਤੀ। ਹਵਾਈ ਅੱਡੇ ਦੇ ਟਰਮੀਨਲ, ਐਪਰਨ ਖੇਤਰ, ਪਾਰਕਿੰਗ ਸਥਾਨ ਅਤੇ ਹੋਰ ਸੰਵੇਦਨਸ਼ੀਲ ਖੇਤਰਾਂ ਦੀ ਪੂਰੀ ਤਰ੍ਹਾਂ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਹੁਣ ਤੱਕ ਕੋਈ ਸ਼ੱਕੀ ਵਸਤੂ ਜਾਂ ਵਿਸਫੋਟਕ ਸਮੱਗਰੀ ਬਰਾਮਦ ਨਹੀਂ ਹੋਈ ਹੈ। ਹਵਾਈ ਅੱਡੇ 'ਤੇ ਯਾਤਰੀਆਂ ਦੀ ਆਵਾਜਾਈ ਆਮ ਹੈ ਪਰ ਵਾਧੂ ਜਾਂਚ ਅਤੇ ਨਿਗਰਾਨੀ ਕੀਤੀ ਜਾ ਰਹੀ ਹੈ। ਈ-ਮੇਲ ਵਿੱਚ ਨਾ ਸਿਰਫ਼ ਹਵਾਈ ਅੱਡੇ ਨੂੰ ਸਗੋਂ ਮੁੱਖ ਮੰਤਰੀ ਦਫ਼ਤਰ ਨੂੰ ਵੀ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ ਗਈ ਸੀ। ਮੇਲ ਵਿੱਚ ਸਾਫ਼ ਲਿਖਿਆ ਸੀ ਕਿ ਇੱਕ ਜਾਂ ਦੋ ਘੰਟਿਆਂ ਵਿੱਚ ਮੁੱਖ ਮੰਤਰੀ ਦਫ਼ਤਰ ਨੂੰ ਵੀ ਉਡਾ ਦਿੱਤਾ ਜਾਵੇਗਾ। ਇਸ ਤੋਂ ਬਾਅਦ ਪੁਲਿਸ ਅਤੇ ਖੁਫੀਆ ਏਜੰਸੀਆਂ ਨੇ ਸੀਐਮਓ ਅਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਦੀ ਸੁਰੱਖਿਆ ਵਧਾ ਦਿੱਤੀ ਹੈ। ਸਾਰੀਆਂ ਸ਼ੱਕੀ ਗਤੀਵਿਧੀਆਂ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਏਅਰਪੋਰਟ ਪ੍ਰਸ਼ਾਸਨ ਨੇ ਤੁਰੰਤ ਪੁਲਿਸ ਨੂੰ ਧਮਕੀ ਭਰੇ ਈਮੇਲ ਬਾਰੇ ਸੂਚਿਤ ਕੀਤਾ, ਜਿਸ ਤੋਂ ਬਾਅਦ ਪੁਲਿਸ ਦੇ ਸਾਈਬਰ ਸੈੱਲ ਨੇ ਮੇਲ ਦੀ ਪ੍ਰਮਾਣਿਕਤਾ ਅਤੇ ਸਰੋਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮੁੱਢਲੀ ਜਾਂਚ ਵਿੱਚ ਇਹ ਸਪੱਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਮੇਲ ਕਿਸੇ ਅੱਤਵਾਦੀ ਸੰਗਠਨ ਵੱਲੋਂ ਭੇਜਿਆ ਗਿਆ ਹੈ ਜਾਂ ਕਿਸੇ ਸ਼ਰਾਰਤੀ ਅਨਸਰ ਦੀ ਸਾਜ਼ਿਸ਼ ਹੈ। ਫਿਰ ਵੀ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਹਰ ਕੋਣ ਤੋਂ ਜਾਂਚ ਕੀਤੀ ਜਾ ਰਹੀ ਹੈ। ਮੇਲ ਭੇਜਣ ਵਾਲੇ ਦੀ ਪਛਾਣ ਕਰਨ ਲਈ ਤਕਨੀਕੀ ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ।



## 25 ਨਵੰਬਰ ਨੂੰ ਸ਼ਹੀਦੀ ਦਿਹਾੜੇ ਮੌਕੇ ਸਾਰੇ ਦੇਸ਼ ਵਿਚ ਛੁੱਟੀ ਦੀ ਸ਼੍ਰੋਮਣੀ ਕਮੇਟੀ ਨੇ ਕੇਂਦਰ ਅੱਗੇ ਰੱਖੀ ਮੰਗ

**ਸ੍ਰੀ ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਕਮੇਟੀ ਵਲੋਂ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਦੀ ਇਕੱਤਰਤਾ ਅੱਜ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਹੋਈ। ਮੀਟਿੰਗ ਐੱਸ. ਜੀ. ਪੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਪੱਤਰ ਲਿਖ ਕੇ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ ਮੌਕੇ 25 ਨਵੰਬਰ ਨੂੰ ਪੂਰੇ ਦੇਸ਼ ਵਿਚ ਛੁੱਟੀ ਕਰਨ ਲਈ ਆਖਿਆ ਜਾਵੇਗਾ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਲੈ ਕੇ ਡਿਜ਼ੀਟਲ ਮਾਧਿਅਮ ਰਾਹੀਂ ਹੋਈ ਇਸ ਮੀਟਿੰਗ ਵਿਚ ਗੁਰਮੀਤ ਸਿੰਘ ਰੰਧਾਵਾ ਯੂਕੇ, ਡਾ. ਕਵਲਜੀਤ ਕੌਰ ਯੂਕੇ, ਰਾਜਬੀਰ ਸਿੰਘ ਕੈਨੇਡਾ, ਮਾਸਟਰ ਮਹਿੰਦਰ ਸਿੰਘ, ਗੁਰਚਰਨ ਸਿੰਘ ਲਾਂਬਾ ਅਮਰੀਕਾ, ਬਲਵੰਤ ਸਿੰਘ ਧਾਮੀ, ਭਾਈ ਗੁਰਬਖ਼ਸ਼ ਸਿੰਘ ਗੁਲਸ਼ਨ ਯੂਕੇ ਨੇ ਸ਼ਮੂਲੀਅਤ ਕੀਤੀ। ਇਕੱਤਰਤਾ ਦੌਰਾਨ ਵੱਖ-ਵੱਖ ਦੇਸ਼ਾਂ ਦੇ ਪ੍ਰਤੀਨਿਧਾਂ ਨੇ ਨੌਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਦੇ ਸਮਾਗਮ ਅੰਤਰਰਾਸ਼ਟਰੀ ਪ੍ਰਸੰਗ ਵਿਚ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ, ਉਥੇ ਹੀ ਸ਼੍ਰੋਮਣੀ ਕਮੇਟੀ ਵਲੋਂ ਆਰੰਭੇ ਯਤਨਾਂ ਨੂੰ ਸਮਰਥਨ ਦੇਣ ਦੀ ਵਚਨਬੱਧਤਾ ਵੀ ਪ੍ਰਗਟਾਈ। ਇਕੱਤਰਤਾ ਮਗਰੋਂ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅੰਤਰਰਾਸ਼ਟਰੀ ਸਲਾਹਕਾਰ ਬੋਰਡ ਦੇ ਮੈਂਬਰਾਂ ਨੇ ਬਹੁਤ ਕੀਮਤੀ ਸੁਝਾਅ ਦਿੱਤੇ ਹਨ, ਜੋ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਲਈ ਲਾਹੇਵੰਦ ਸਾਬਤ ਹੋਣਗੇ। ਉਨ੍ਹਾਂ ਦੱਸਿਆ ਕਿ ਮਿਲੇ ਸੁਝਾਵਾਂ ਤਹਿਤ ਯੂਐੱਨਓ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹਾਦਤ ਦੇ ਦਿਹਾੜੇ ਨੂੰ ਮਨੁੱਖੀ ਅਧਿਕਾਰ ਦਿਵਸ ਵਜੋਂ ਐਲਾਨਣ ਲਈ ਪੱਤਰ ਲਿਖਿਆ ਜਾਵੇਗਾ। ਇਸ ਦੇ ਨਾਲ ਹੀ ਭਾਰਤ ਸਰਕਾਰ ਨੂੰ ਪੱਤਰ ਲਿਖ ਕੇ ਗੁਰੂ ਸਾਹਿਬ ਦੇ ਸ਼ਹੀਦੀ ਦਿਹਾੜੇ 25 ਨਵੰਬਰ ਨੂੰ ਪੂਰੇ ਦੇਸ਼ ਵਿਚ ਛੁੱਟੀ ਕਰਨ ਲਈ ਆਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੌਵੇਂ ਪਾਤਿਸ਼ਾਹ ਜੀ ਵਲੋਂ ਉਚਾਰਨ ਕੀਤੀ ਬਾਣੀ ਦਾ ਗਾਇਨ ਕਰਵਾ ਕੇ ਸ਼ਤਾਬਦੀ ਨੂੰ ਸਮਰਪਿਤ ਕਰੇਗੀ ਅਤੇ ਇਸ ਦੇ ਨਾਲ ਹੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਅੰਦਰ ਨੌਵੇਂ ਪਾਤਿਸ਼ਾਹ ਜੀ ਦੇ ਜੀਵਨ, ਦੇਣ ਤੇ ਸ਼ਹਾਦਤ ਬਾਰੇ ਸੰਖੇਪ ਇਤਿਹਾਸ ਨੂੰ ਦਰਸਾਉਂਦੇ ਬੋਰਡ ਲਗਾਏ ਜਾਣਗੇ ਤਾਂ ਜੋ ਗੁਰੂ ਸਾਹਿਬ ਜੀ ਦੀ ਲਾਸਾਨੀ ਦੇਣ ਬਾਰੇ ਸੰਗਤਾਂ ਨੂੰ ਚਿਰ-ਸਦੀਵ ਜਾਣਕਾਰੀ ਮਿਲਦੀ ਰਹੇ।

## ਕੇਜਰੀਵਾਲ ਗਿਰੋਹ ਦੀ ਸਿੱਖ ਵਿਰੋਧੀ ਸਰਕਾਰ ਨੇ ਬੇਅਦਬੀਆਂ ਦੀ ਝੜੀ ਲਾਈ : ਸੁਖਬੀਰ ਸਿੰਘ ਬਾਦਲ

**ਚੰਡੀਗੜ੍ਹ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਆਪ ਸਰਕਾਰ ਨੇ ਸ੍ਰੀਨਗਰ ਵਿੱਚ ਧਰਮ ਤੇ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਨਾਲ ਸਬੰਧਿਤ ਸਮਾਗਮ ਨੂੰ ਇੱਕ ਮਨੋਰੰਜਨ ਪ੍ਰੋਗਰਾਮ ਵਿੱਚ ਤਬਦੀਲ ਕਰਕੇ ਸੰਗੀਨ ਬੇਅਦਬੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਸ੍ਰੀਨਗਰ ਸਮਾਗਮ ਦੌਰਾਨ ਕੀਤੀ ਗਈ ਬੇਅਦਬੀ ਨੂੰ ਸਿੱਖ ਕੌਮ ਵਿਰੁੱਧ ਅਮਲ ਵਿਚ ਲਿਆਂਦੀ ਜਾ ਰਹੀ ਉਸ ਗਹਿਰੀ ਸਾਜ਼ਿਸ਼ ਦਾ ਹਿੱਸਾ ਦੱਸਿਆ ,ਜਿਸ ਦਾ ਮੰਤਵ ਕੌਮ ਨੂੰ ਆਪਣੇ ਇਤਿਹਾਸ ਨਾਲੋਂ ਤੋੜਨਾ ਅਤੇ ਆਗੂ ਰਹਿਤ ਕਰਨਾ ਹੈ। ਇੱਥੇ ਜਾਰੀ ਇੱਕ ਬਿਆਨ ਵਿਚ ਸੁਖਬੀਰ ਸਿੰਘ ਬਾਦਲ ਨੇ ਕਿਹਾ "ਪੰਜਾਬ ਸਰਕਾਰ ਵੱਲੋਂ ਸਿੱਖ ਇਤਿਹਾਸ ਦੇ ਇੱਕ ਬੇਹੱਦ ਪਾਵਨ, ਸੰਜੀਦਾ ਅਤੇ ਗੰਭੀਰ ਸਾਕੇ ਨਾਲ ਸਬੰਧਿਤ ਸਮਾਗਮ ਦੌਰਾਨ ਗੁਰਬਾਣੀ ਉਚਾਰਨ ਦੀ ਥਾਂ ਨਾਚ ਗਾਣੇ ਦਾ ਮਹੌਲ ਬਣਾ ਕੇ ਜਾਣ ਬੁਝ ਕੇ ਸਿੱਖ ਇਤਿਹਾਸ ਅਤੇ ਸਿੱਖੀ ਮਾਣ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਗਈਆਂ ਤੇ ਇਸ ਬੇਅਦਬੀ ਨੂੰ ਪੂਰੀ ਦੁਨੀਆਂ ਸਾਹਮਣੇ ਪ੍ਰਸਾਰਤ ਕੀਤਾ। ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਰਾਹੀਂ ਕਰਵਾਏ ਇਸ ਪ੍ਰੋਗਰਾਮ ਦੌਰਾਨ ਜਾਣ ਬੁਝ ਕੇ ਸਿੱਖ ਕੌਮ ਦੇ ਬੇਹੱਦ ਸੰਜੀਦਾ ਪਲਾਂ ਨੂੰ ਇੱਕ ਮਨੋਰੰਜਨ ਪ੍ਰੋਗਰਾਮ ਵਾਂਗ ਪੇਸ਼ ਕਰਨ ਦਾ ਬਜਰ ਗੁਨਾਹ ਕੀਤਾ ਗਿਆ।" ਉਹਨਾਂ ਅੱਗੇ ਕਿਹਾ ਇਹ ਸਮਾਗਮ ਆਮ ਆਦਮੀ ਪਾਰਟੀ ਨੂੰ ਚਲਾ ਰਹੇ ਉਸ ਗ਼ੈਰ ਸਿੱਖ ਤੇ ਸਿੱਖ ਦੁਸ਼ਮਣ ਲਾਣੇ ਦੇ ਦਿਮਾਗ. ਦੀ ਉਪਜ ਹੈ, ਜਿਹਨਾਂ ਨੂੰ ਮਹਾਨ ਗੁਰੂ ਸਾਹਿਬਾਨ ਦੇ ਮਹਾਨ ਵਿਰਸੇ ਦੀ ਨਾ ਕੋਈ ਸਮਝ ਹੈ ਤੇ ਨਾ ਹੀ ਸਤਿਕਾਰ। ਬਾਦਲ ਨੇ ਕਿਹਾ ਕਿ "ਆਮ ਆਦਮੀ ਪਾਰਟੀ ਤੇ ਇਸ ਦੀ ਸਰਕਾਰ ਦੀ ਬੇਸ਼ਰਮੀ ਦੀ ਹੱਦ ਇਹ ਹੈ ਕਿ ਇਹਨਾਂ ਦੇ ਪ੍ਰੋਗਰਾਮ ਵਿੱਚ ਨੱਚਣ ਅਤੇ ਗਾਉਣ ਵਾਲੇ ਵਿਅਕਤੀ ਨੂੰ ਤਾਂ ਸ਼ਰਮ ਆ ਗਈ ਤੇ ਉਹ ਮੁਆਫ਼ੀ ਮੰਗਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਕੋਲ ਪਹੁੰਚ ਗਿਆ ਪਰ ਸਰਕਾਰ ਅਤੇ ਇਸ ਦੇ ਸਿੱਖਿਆ ਮੰਤਰੀ ਨੂੰ ਅਜੇ ਵੀ ਸ਼ਰਮ ਨਹੀਂ ਆਈ। ਉਹਨਾਂ ਕਿਹਾ ਕਿ ਇਸ ਪਾਰਟੀ ਦੇ ਕਰਤਾ ਧਰਤਾ ਆਗੂਆਂ ਦੀ ਬੇਅਦਬੀਆਂ ਦੀਆਂ ਘਟਨਾਵਾਂ ਤੇ ਸਾਜ਼ਿਸ਼ਾਂ ਵਿੱਚ ਸ਼ਮੂਲੀਅਤ ਤੇ ਸਰਪ੍ਰਸਤੀ ਤਾਂ ਕਚਹਿਰੀਆਂ ਵੀ ਸਿੱਧ ਕਰ ਚੁੱਕੀਆਂ ਹਨ। ਉਹਨਾਂ ਯਾਦ ਦਿਵਾਇਆ ਕਿ ਨਿਆਂਪਾਲਿਕਾ ਵੱਲੋਂ ਇਸ ਪਾਰਟੀ ਦਾ ਇਕ ਵਿਧਾਇਕ ਕੁਰਾਨ ਸ਼ਰੀਫ਼ ਦੀ ਬੇਅਦਬੀ ਵਿੱਚ ਸਿੱਧਾ ਸ਼ਾਮਿਲ ਪਾਇਆ ਗਿਆ ਤੇ ਉਸਨੂੰ ਸਜ਼ਾ ਸੁਣਾਈ ਗਈ ਪਰ ਇਸ ਪਾਰਟੀ ਨੇ ਉਸ ਵਿਧਾਇਕ ਵਿਰੁੱਧ ਕੋਈ ਕਾਰਵਾਈ ਕਰਨ ਦੀ ਥਾਂ ਉਸ ਨੂੰ ਬਚਾਉਣ ਵਾਲਿਆਂ ਨੂੰ ਪੰਜਾਬ ਵਿੱਚ ਹੀ ਮੰਤਰੀ ਬਣਾ ਦਿੱਤਾ।÷ ਬਾਦਲ ਨੇ ਕਿਹਾ ਕਿ ਜਦੋਂ ਦੀ ਇਹ ਸਰਕਾਰ ਆਈ ਹੈ, ਪੰਜਾਬ ਵਿੱਚ ਹਰ ਪਾਸੇ ਬੇਅਦਬੀ ਦੀਆਂ ਘਟਨਾਵਾਂ ਹੋ ਰਹੀਆਂ ਹਨ ਪਰ ਸਰਕਾਰ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ। ਉਹਨਾਂ ਕਿਹਾ ਕਿ ਹੁਣ ਤਾਂ ਮੀਡੀਆ ਦੇ ਉਹ ਵਰਗ ਵੀ ਮੂੰਹ ਵਿੱਚ ਘੁੰਘਣੀਆਂ ਪਾ ਕੇ ਬੈਠੇ ਹਨ ਜੋ ਅਕਾਲੀ ਸਰਕਾਰ ਸਮੇਂ ਅਚਾਨਕ ਸਿੱਖ ਭਾਵਨਾਵਾਂ ਦੇ ਚੈਂਪੀਅਨ ਵਜੋਂ ਖੁੰਬਾਂ ਵਾਂਗ ਉੱਗ ਪਏ ਸਨ ਕੀ ਉਹਨਾਂ ਨੂੰ ਹੁਣ ਸਿੱਖ ਭਾਵਨਾਵਾਂ ਦਾ ਨਿਰਾਦਰ ਨਜ਼ਰ ਨਹੀਂ ਆਉਂਦਾ ?"



## ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਨੂੰ ਕੀਤਾ ਗਿਆ ਤਲਬ

**ਸ੍ਰੀ ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਵੱਲੋਂ ਸ਼੍ਰੀਨਗਰ ਵਿਖੇ ਸ੍ਰੀ ਗੁਰੂ ਤੇਗ. ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਗਏ ਇਤਰਾਜ਼ਯੋਗ ਪ੍ਰੋਗਰਾਮ ਦਾ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਅਤੇ ਪੁੱਜੀਆਂ ਸ਼ਿਕਾਇਤਾਂ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਦੇ ਕੈਬਨਿਟ ਮੰਤਰ ਸ. ਹਰਜੋਤ ਸਿੰਘ ਅਤੇ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਮਿਤੀ 1 ਅਗਸਤ 2025 ਨੂੰ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਤਲਬ ਕੀਤਾ ਹੈ।





ਇਸ ਸਬੰਧੀ ਜਾਣਕਾਰੀ ਦਿੰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਫ਼ੀ ਸਮਾਂ ਬੀਤ ਜਾਣ ਦੇ ਬਾਵਜੂਦ ਹੁਣ ਤੱਕ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਨੇ ਆਪਣਾ ਪੱਖ ਸਪੱਸ਼ਟ ਨਹੀਂ ਕੀਤਾ ਹੈ ਅਤੇ ਨਾ ਹੀ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਖਿਮਾ ਜਾਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੰਵਿਧਾਨਕ ਅਹੁਦਿਆਂ ਉੱਤੇ ਕਾਰਜ ਕਰ ਰਹੀਆਂ ਸ਼ਖ਼ਸੀਅਤਾਂ ਦੀ ਸਮਾਜ ਪ੍ਰਤੀ ਅਹਿਮ ਜ਼ਿੰਮੇਵਾਰੀ ਹੁੰਦੀ ਹੈ ਅਤੇ ਪੰਜਾਬ ਸਰਕਾਰ ਦੇ ਅਹੁਦੇਦਾਰਾਂ ਵੱਲੋਂ ਸੰਜੀਦਾ ਮਸਲੇ ਉੱਤੇ ਹੁਣ ਤੱਕ ਚੁੱਪ ਰਹਿਣਾ ਕਈ ਸਵਾਲ ਖੜ੍ਹੇ ਕਰਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਗੁਰੂ ਸਾਹਿਬ ਨਾਲ ਸਬੰਧਤ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਰੱਖੇ ਗਏ ਸਮਾਗਮ ਅੰਦਰ ਨਾਚ-ਗਾਣੇ ਅਤੇ ਮਨੋਰੰਜਨ ਨਾਲ ਸ਼ੁਰੂਆਤ ਕੀਤੀ ਗਈ ਹੋਵੇ, ਜੋ ਕਿ ਬਰਦਾਸ਼ਤਯੋਗ ਨਹੀਂ। ਜਥੇਦਾਰ ਗੜਗੱਜ ਨੇ ਕਿਹਾ ਕਿ ਮਿਤੀ 1 ਅਗਸਤ 2025 ਨੂੰ ਪੰਥਕ ਅਤੇ ਧਾਰਮਿਕ ਮਾਮਲੇ ਵਿਚਾਰਨ ਲਈ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕੀਤੀ ਜਾ ਰਹੀ ਹੈ ਅਤੇ ਇਸੇ ਦਿਨ ਹੀ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਅਤੇ ਡਾਇਰੈਕਟਰ ਸ. ਜਸਵੰਤ ਸਿੰਘ ਆਪਣਾ ਪੱਖ ਰੱਖਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਗਾਇਕ ਬੀਰ ਸਿੰਘ ਦੇ ਖਿਲਾਫ਼ ਵੀ ਸ਼ਿਕਾਇਤਾਂ ਪੁੱਜੀਆਂ ਹਨ ਜੋ ਬੀਤੇ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਆਪਣਾ ਪੱਖ ਰੱਖ ਕੇ ਖਿਮਾ ਜਾਚਨਾ ਕਰ ਗਿਆ ਹੈ, ਜਿਸ ਉੱਤੇ ਵੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵਿਚਾਰ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਦੱਸਿਆ ਕਿ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਅਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਨੂੰ ਆਪਣਾ ਪੱਖ ਰੱਖਣ ਲਈ ਪੇਸ਼ ਹੋਣ ਸਬੰਧੀ ਪੱਤਰ ਜਾਰੀ ਕਰ ਦਿੱਤੇ ਗਏ ਹਨ।

## ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਹੋਣ ਤੋਂ ਬਾਅਦ ਹਰਜੋਤ ਬੈਂਸ ਦਾ ਆਇਆ ਪਹਿਲਾ ਬਿਆਨ, ਕਿਹਾ- ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ॥

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ 'ਤੇ ਸ੍ਰੀਨਗਰ ਵਿੱਚ ਆਯੋਜਿਤ ਪ੍ਰੋਗਰਾਮ ਸਬੰਧੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਤਲਬ ਕੀਤਾ ਹੈ। ਇਹ ਪ੍ਰੋਗਰਾਮ ਸੂਬੇ ਦੇ ਸਿੱਖਿਆ ਵਿਭਾਗ ਦੇ ਭਾਸ਼ਾ ਵਿਭਾਗ ਵੱਲੋਂ ਆਯੋਜਿਤ ਕੀਤਾ ਗਿਆ ਸੀ। ਇਸ ਤੋਂ ਬਾਅਦ ਹੁਣ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਦਾਸ ਬੰਦੀਛੋੜ ਛੇਵੇਂ ਪਾਤਸ਼ਾਹ ਜੀ ਦੇ ਸੱਚੇ ਤਖਤ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਦਾ ਹੋਇਆ ਨੰਗੇ ਪੈਰੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋਵੇਗਾ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਗੁਰਬਾਣੀ ਦੀਆਂ ਤੁਕਾਂ ਸਾਂਝੀਆਂ ਕਰਦਿਆਂ ਲਿਖਿਆ, ਸਚਾ ਆਪਿ ਤਖਤੁ ਸਚਾ ਬਹਿ ਸਚਾ ਕਰੇ ਨਿਆਉ॥ ਧੰਨ ਧੰਨ ਬੰਦੀਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਜੇ ਸੱਚੇ ਤਖਤ ਸ੍ਰੀ ਅਕਾਲ ਤਖਤ ਸਾਹਿਬ ਦੇ ਅੱਗੇ ਹਰ ਸਿੱਖ ਦਾ ਸਿਰ ਅਦਬ ਦੇ ਨਾਲ ਝੁਕਦਾ ਹੈ। ਦਾਸ ਵੀ ਨਿਮਾਣਾ ਜਿਹਾ ਸਿੱਖ ਹੋਣ ਦੇ ਨਾਤੇ ਰੋਮ-ਰੋਮ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੈ। ਬੀਤੇ ਦਿਨੀਂ ਭਾਸ਼ਾ ਵਿਭਾਗ ਪੰਜਾਬ ਵਲੋਂ ਸ਼੍ਰੀਨਗਰ ਵਿਖੇ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਕ ਸਮਾਗਮ ਕਰਵਾਇਆ ਗਿਆ ਸੀ, ਜਿਸ ਵਿਚ ਉੱਘੇ ਬੁੱਧੀਜੀਵੀਆਂ ਅਤੇ ਵਿਦਵਾਨਾਂ ਨੇ ਮਨੁੱਖ ਦੀ ਜ਼ਮੀਰ ਦੀ ਆਜ਼ਾਦੀ ਦੇ ਮਸੀਹਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਦੀ ਸ਼ਹਾਦਤ ਬਾਰੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਕੀਤੀਆਂ। ਇਸ ਪ੍ਰੋਗਰਾਮ ਵਿਚ ਮਸ਼ਹੂਰ ਪੰਜਾਬੀ ਗਾਇਕ ਬੀਰ ਸਿੰਘ ਨੂੰ ਵੀ ਬੁਲਾਇਆ ਗਿਆ ਸੀ, ਜੋ ਕਿ ਇੱਕ ਗੁਰਸਿੱਖ ਗਾਇਕ ਹਨ ਅਤੇ ਉਨ੍ਹਾਂ ਦੇ ਜ਼ਿਆਦਾਤਰ ਗੀਤ ਧਾਰਮਿਕ ਹੁੰਦੇ ਹਨ। ਪਿਛਲੇ ਸਮੇਂ ਦੌਰਾਨ ਉਨ੍ਹਾਂ ਨੇ ਆਪਣੀ ਆਵਾਜ਼ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਰਚਨਾ "ਸਲੋਕ ਮਹਲਾ 9" ਦਾ ਗਾਇਨ ਵੀ ਕੀਤਾ ਸੀ। ਇਸੇ ਕਾਰਨ ਹੀ ਉਨ੍ਹਾਂ ਨੂੰ ਵੀ ਇਸ ਸਮਾਗਮ ਵਿਚ ਸੱਦਿਆ ਗਿਆ ਸੀ। ਇਸ ਸਮਾਗਮ ਵਿਚ ਪ੍ਰਬੰਧਕਾਂ ਦੀ ਜਾਣੇ-ਅਨਜਾਣੇ ਵਿਚ ਹੋਈ ਅਣਗਹਿਲੀ ਕਾਰਨ ਜੋ ਵੀ ਹੋਇਆ, ਉਸ ਲਈ ਬਤੌਰ ਸਿੱਖ ਕੈਬਨਿਟ ਮੰਤਰੀ ਹੋਣ ਦੇ ਨਾਤੇ ਮੈਂ ਖ਼ਿਮਾ ਦਾ ਜਾਚਕ ਹਾਂ। ਮੈਂ ਗੁਰੂ ਸਾਹਿਬ ਦਾ ਸੱਚਾ ਅਤੇ ਨਿਮਾਣਾ ਸਿੱਖ ਹਾਂ, ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਸ ਸਬੰਧ ਵਿਚ ਦਾਸ ਨੂੰ ਤਲਬ ਕੀਤਾ ਗਿਆ ਹੈ। ਦਾਸ ਬੰਦੀਛੋੜ ਛੇਵੇਂ ਪਾਤਸ਼ਾਹ ਜੀ ਦੇ ਸੱਚੇ ਤਖਤ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਦਾ ਹੋਇਆ ਨੰਗੇ ਪੈਰੀ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋਵੇਗਾ ਅਤੇ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਕਬੂਲ ਕਰਦਾ ਹੋਇਆ ਹੋਣ ਵਾਲੇ ਹਰ ਹੁਕਮ ਨੂੰ ਮੰਨਣ ਦਾ ਪਾਬੰਦ ਹੋਵੇਗਾ।

ੴ ਸਤਿਗੁਰ ਪ੍ਰਸਾਦਿ ॥

# ਜਥੇਦਾਰ ਗੜਗੱਜ ਨੂੰ ਸਿਰਪਾਓ ਦੇਣ ਵਾਲੇ ਗਿਆਨੀ ਰਘਵੀਰ ਸਿੰਘ ਤੇ ਸੁਲਤਾਨ ਸਿੰਘ ਸਿੱਖ ਕੌਮ ਨੂੰ ਸਪੱਸ਼ਟ ਕਰਨ ਕਿ ਹੁਣ ਮਰਿਆਦਾ ਲਾਗੂ ਹੋ ਗਈ ਹੈ- ਸੰਤ ਚਰਨਜੀਤ ਸਿੰਘ ਜਸੋਵਾਲ

ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਕਿਹਾ ਕਿ ਸਿੱਖ ਪੰਥ ਦੇ ਇਤਿਹਾਸ ਵਿੱਚ ਮਰਿਆਦਾ ਦੀ ਪਾਲਣਾ ਸਾਡੀ ਸਭ ਤੋਂ ਵੱਡੀ ਤਾਕਤ ਅਤੇ ਪਹਿਚਾਣ ਰਹੀ ਹੈ। ਦੁਖ ਦੀ ਗੱਲ ਹੈ ਕਿ ਹਾਲ ਹੀ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ, ਗਿਆਨੀ ਸੁਲਤਾਨ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਦਲਕਿਆਂ ਵੱਲੋਂ ਬਣਾਏ ਗਏ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਨੇ ਮਰਿਆਦਾ ਅਤੇ ਪੰਥਕ ਰਵਾਇਤਾਂ ਬਾਰੇ ਗੰਭੀਰ ਚਿੰਤਾਵਾਂ ਪੈਦਾ ਕੀਤੀਆਂ ਹਨ ਅਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪੰਜ ਮਹੀਨੇ ਪਹਿਲਾਂ ਗਿਆਨੀ ਰਘਬੀਰ ਸਿੰਘ ਨੇ ਖੁਦ ਜਨਤਕ ਤੌਰ 'ਤੇ ਸਵੀਕਾਰਿਆ ਸੀ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਸਮੇਂ ਮਰਿਆਦਾ ਦੀ ਖੁੱਲ੍ਹੀ ਉਲੰਘਣਾ ਹੋਈ। ਗਿਆਨੀ ਰਘਬੀਰ ਸਿੰਘ ਜੀ ਨੇ ਖੁਦ ਪੰਥਕ ਸੰਗਤ ਨੂੰ ਦੱਸਿਆ ਸੀ ਕਿ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਬਿਨਾਂ ਕੇਵਲ ਪਾਲਕੀ ਸਾਹਿਬ ਨੂੰ ਮੱਥਾ ਟੇਕਣ ਦੀ ਰਸਮ ਨਾਲ ਤਾਜਪੋਸ਼ੀ ਕੀਤੀ ਗਈ, ਜੋ ਮਰਿਆਦਾ ਦੀ ਖੁੱਲ੍ਹੀ ਉਲੰਘਣਾ ਹੈ। ਉਹਨਾਂ ਉਸ ਵੇਲੇ ਖੁਦ ਇਹ ਵੀ ਕਿਹਾ ਸੀ ਕਿ ਜਦੋਂ ਕਿਸੇ ਜਥੇਦਾਰ ਦੀ ਬੇਨਿਯਮੀ ਨਾਲ ਤਾਜਪੋਸ਼ੀ ਹੋਵੇ, ਤਾਂ ਪੰਥ ਵਿੱਚ ਰੋਸ ਉੱਠਣਾ ਸੁਭਾਵਿਕ ਹੈ। ਜੋ ਪੰਥ ਵਾਸਤੇ ਅਸਹਿਣਸ਼ੀਲ ਹੈ। ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਨਿਯੁਕਤੀ ਨੂੰ ਵੀ ਉਹਨਾਂ ਚੁਣੌਤੀ ਦਿੱਤੀ ਸੀ।



ਹੁਣ ਸਵਾਲ ਇਹ ਹੈ ਕਿ ਪੰਜ ਮਹੀਨਿਆਂ ਵਿੱਚ ਮਰਿਆਦਾ ਵਿੱਚ ਕਿਹੜੀ ਤਬਦੀਲੀ ਆਈ ਜਿਸ ਨਾਲ ਉਹੀ ਵਿਅਕਤੀ, ਜਿਸਦੀ ਨਿਯੁਕਤੀ ਨੂੰ ਉਨ੍ਹਾਂ ਨੇ ਗਲਤ ਕਰਾਰ ਦਿੱਤਾ ਸੀ, ਅੱਜ ਸਿਰੋਪੇ ਨਾਲ ਸਨਮਾਨਿਤ ਹੋ ਗਿਆ? ਕੀ ਇਹ ਦੋਹਰੇ ਮਾਪਦੰਡ ਪੰਥ ਨੂੰ ਸਵੀਕਾਰ ਹਨ? ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਨਮਾਨ ਦੇਣਾ, ਪੰਥਕ ਸਿਧਾਂਤਾਂ ਨਾਲ ਧੋਖਾ ਅਤੇ ਮਰਿਆਦਾ ਨਾਲ ਖਿਲਵਾੜ ਦੇ ਬਰਾਬਰ ਹੈ। ਜਿਨ੍ਹਾਂ ਨੇ ਸਾਨੂੰ ਮਰਿਆਦਾ ਦਾ ਪਾਠ ਪੜ੍ਹਾਉਣਾ ਸੀ, ਅਫਸੋਸ ਕਿ ਉਹ ਖੁਦ ਕਿਰਦਾਰ ਪੱਖੋਂ ਹੌਲੇ ਨਿਕਲੇ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਮੈਂ ਸਾਫ਼ ਕਰਦਾ ਹਾਂ ਕਿ ਪੰਥ ਵਿਰੋਧੀ ਕਿਸੇ ਵੀ ਕਿਰਿਆ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਮਰਿਆਦਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਿੱਖ ਕੌਮ ਸਾਹਮਣੇ ਆਪਣਾ ਸਪਸ਼ਟੀਕਰਨ ਦੇਣਾ ਪਵੇਗਾ। ਜੇਕਰ ਗਿਆਨੀ ਰਘਬੀਰ ਸਿੰਘ ਜੀ ਕੋਲ ਇਸ ਬਦਲਾਅ ਦਾ ਕੋਈ ਜਾਇਜ਼ ਕਾਰਨ ਨਹੀਂ, ਜਾਂ ਅੱਜ ਵੀ ਉਹੀ ਹੈ, ਤਾਂ ਕੀ ਗਿਆਨੀ ਰਘਬੀਰ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਪਦ 'ਤੇ ਕਾਇਮ ਰਹਿਣ ਦਾ ਨੈਤਿਕ ਅਧਿਕਾਰ ਹੈ?

ਜਿਹੜੇ ਵਿਅਕਤੀ ਕੱਲ੍ਹ ਮਰਿਆਦਾ ਦੀ ਉਲੰਘਣਾ ਦੇ ਖ਼ਿਲਾਫ਼ ਖੁਦ ਬੋਲ ਰਹੇ ਸਨ, ਉਹ ਅੱਜ ਉਸੇ ਵਿਅਕਤੀ ਨੂੰ ਸਿਰੋਪੇ ਨਾਲ ਸਨਮਾਨਿਤ ਕਰਦੇ ਹੋਏ ਕਿਹੜੀ ਮਰਿਆਦਾ ਦੀ ਪਾਲਣਾ ਕਰ ਰਹੇ ਹਨ?

ਸਿੱਖ ਕੌਮ ਇਹ ਸਵਾਲ ਪੁੱਛਦੀ ਹੈ ਕਿ ਕੀ ਪੰਥ ਦੀਆਂ ਰਵਾਇਤਾਂ ਨੂੰ ਕੁਝ ਵਿਅਕਤੀਆਂ ਦੀ ਸੁਵਿਧਾ ਅਨੁਸਾਰ ਤੋੜਿਆ-ਮੋੜਿਆ ਜਾ ਸਕਦਾ ਹੈ? ਪੰਥ ਦੇ ਹਿੱਤ ਵਿੱਚ ਮੈਂ ਸਪਸ਼ਟ ਮੰਗ ਕਰਦਾ ਹਾਂ ਕਿ ਮਰਿਆਦਾ ਦੀਆਂ ਉਲੰਘਣਾਵਾਂ ਲਈ ਜ਼ਿੰਮੇਵਾਰ ਲੋਕਾਂ ਨੂੰ ਅਪਣਾ ਪੱਖ ਸਪਸ਼ੱਟ ਕਰਨਾ ਚਾਹੀਦਾ ਹੈ।

ਹੁਣ ਸਵਾਲ ਉੱਠਦਾ ਹੈ ਕਿ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਵੱਲੋਂ ਅੱਜ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਨਮਾਨ ਦੇਣਾ ਸਿਰਫ਼ ਪੰਥਕ ਸਿਧਾਂਤਾਂ ਦੀ ਬੇਅਦਬੀ ਹੀ ਨਹੀਂ, ਸਗੋਂ ਸਿੱਖ ਕੌਮ ਦੇ ਭਰੋਸੇ ਨਾਲ ਵੀ ਧੋਖਾ ਨਹੀਂ ਹੈ। ਜਿਹੜੇ ਲੋਕ ਮਰਿਆਦਾ ਨਾਲ ਖਿਲਵਾੜ ਕਰਦੇ ਹਨ, ਉਹਨਾਂ ਲਈ ਪੰਥ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਮੈਂ ਸਿੱਖ ਜਥੇਬੰਦੀਆਂ, ਟਕਸਾਲਾਂ ਅਤੇ ਸਾਰੀ ਸੰਗਤ ਨੂੰ ਅਪੀਲ ਕਰਦਾ ਹਾਂ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਜਾਵੇ ਅਤੇ ਪੰਥਕ ਰਵਾਇਤਾਂ ਦੀ ਰੱਖਿਆ ਲਈ ਤੁਰੰਤ ਕਾਰਵਾਈ ਕੀਤੀ ਜਾਵੇ।



**ਸੰਤ ਚਰਨਜੀਤ ਸਿੰਘ ਜੱਸੋਵਾਲ**
**ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ**

ਆਵਾਜ਼ਿ ਕੌਮ AWAZE QAUM International Newspaper & WEB TV

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕਾ ਖਾਲਸਾ ।

ਆਵਾਜ਼ਿ ਕੌਮ
AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

ਵਾਹਿਗੁਰੂ ਜੀ ਕੀ ਫ਼ਤਹਿ ॥

**RAGHBIR SINGH (Call : +44 7976 210161)**
**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# PANJ TAKHAT YATRA

**Thank you for choosing us to go to PANJ TAKHAT YATRA in February 2026 (15th Feb – 25thFeb 2026). During the stay we will try to provide you with all the possible facilities to make this trip a memorable one.**

## Tour Package

**Akal Takhat Sahib & 5 Other Places**
**Hydrabad & 5 Other Places**
**Hazur Sahib & 8 Other Gurudwaras**
**Patna Sahib & 5 Other Gurudwaras**
**Chandigarh & Sukhna Lake**
**Anandpur Sahib & 4 Other Gurudwaras**
**Damdama Sahib & 3 Other Gurudwaras**

- Luxury Hotel With Breakfast & Dinner
- Luxury Air-Conditioned Coaches
- Domestic Flights
- Guided
- Flexibility to stay in India before & after the trip
- Starting and Ending Point at Jalandhar

**Note : To Book Deposit £600 as an advance into the mendioned bank account balance amout need to be deposited 2 weeks before the travel date.**

**Account Name : RAGHBIR SINGH**
**Bank Name : HALIFAX**
**Sort Code : 11-08-07**
**Account No. : 00516474**

**Contact Detail :**
**+44 7458 381111 +44 7976 210161**
**email: gnstuk@hotmail.com**

**To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.**

**--ADVICE--**
**Request to all Sangat to have own travel Insurance individualy!**

**Program is subject to change without Prior Notice.**

ਆਵਾਜ਼ਿ ਕੌਮ AWAZE QAUM

## JOURNEY OF A LIFE TIME
## PANJ TAKHAT YATRA
### 5 TAKHAT YATRA - 10 NIGHTS / 11 DAYS

ਆਵਾਜ਼ਿ ਕੌਮ AWAZE QAUM

### 15th FEB. Day 1st.



**Meeting** at Gurdwara Sri Dukh Niwaran sahib patshahi 9 Guru Teg Bahadur Nagar Jalandhar and start the journey on ward drive to Amritsar sahib stop at Kartar pur to see Jung e Ajadi museum ( if it is open) later drive to Amritsar check in hotel and later visit to Sri Akal Takhat sahib back to hotel and dinner in the hotel.

### 16th Feb. Day 2nd.




Early morning check out to drive to airport to take flight at 730 am to Hyderabad after arrival and proceed to see the museum than back to the hotel check in and lunch in the hotel later at 4 pm proceed to visit char minar dinner will be paid by the people directly.

### 17th Feb Day 3rd



After break fast drive to Bidar it is 3 hrs journey on arrival Darshan and lunch at the Langar than drive to Nanded again 3 hrs journey reach there check in sran and do darshan dinner at the langar.

### 18th Feb Day4th



Morning Darshan and break fast in the Langar After breakfast start for the tour of Gurdwaras, Visit to Gurdwara Nagina Ghat, Gurdwara Baba Banda Bahadur ji, Gurdwara Mal Tekri sahib, Gurdwara Heera Ghat later Gurdwara Mata Sahib Deva ji- Lunch in the langar, later to gurdwara Shikar Ghat here you have tea with pakoras later to gurdwara Sangat sahib back to city of Nanded and visit to Gurdwara Baba Nidhan singh ji, dinner at the Langar of Baba Nidhan singh ji

### 19th Feb Day5th



Leave at 6 am and drive to Hyderabaad we will stop at kings restaurant for quick tea and to use of wash rooms than to Hyderabad at paradise restaurant to have quick hyderabaadi veg biryani paid by the AWAJE QUAM TOURS from here we proceed to airport for the flight to Patna sahib arrival and we proceed to our hotel check in and dinner in the hotel

### 20th Feb. Day 6th



After break fast proceed to visit to Gurdwara Sach Khand Sri Patna sahib later Gurdwara Bal Leela sahib and Langar here later visit to Gurdwara Kangan Ghat sahib, Gurdwara Gau Ghat sahib Gurdwara Guru Ka Bagh and gurdwara Handi sahib back to our hotel and do dinner

### 21st Feb Day 7th




After Break fast proceed to the airport for the flight to chandigarh arrival and from here we go to visit to Sukhna lake later check in the hotel dinner at the hotel and relax.

### 22th Feb Day 8th



After breakfast proceed to visit to Anandpur sahib lunch at the langar later drive to Bathinda check in hotel and dinner at the hotel and relax.

### 23rd Feb Day 9th



After break fast proceed at 9 am to visit Takhat sri Damdama Sahib lunch at the Langar after that we proceed to Sri Amritsar sahib check in hotel dinner at the hotel.

### 24th Feb Day 10th



After break fast proceed at 9 am to visit Sri Harimander sahib, jallianwala bagh Parition Musuem and lunch at the Bharawan da dhabha by the AWAJE QAUM TOURS than drive to Wagah Border, See the ceremony then back to the hotel. Dinner at the hotel.

### 25th Feb Day 11th

**After breakfast proceed to Jalandhar to end the tour with happy memories and with promise to travel again together at Gurdwara Sri Dukh Niwaran sahib Patshahi 9th Guru Teg Bahdur ji Nagar.**

**THANKS FOR TRAVELLING WITH US & STAY BLESSED! LOOKING FORWARD TO TAKE YOU TO ON ANOTHER GREAT JOURNEY**

**FOR MORE INFORMATION PLS. CONTACT**

| | | | |
|---|---|---|---|
| **RAGHBIR SINGH** | **PARAMJIT SHERGILL** | **INDERJIT KAUR** | **KULVINDER MANN** |
| **+44 7458 381111, +44 7976 210161** | **+44 7858 198159** | **+44 7883 635835** | **+44 7900 982906** |

ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਆਵਾਜ਼ਿ ਕੌਮ AWAZE QAUM TV

# AWAZE QAUM TOURS & TRAVELS

ORGANISE

# PANJ TAKHAT YATRA

# ਪੰਜ ਤਖ਼ਤ ਦਰਸ਼ਨ ਯਾਤਰਾ

## ( FROM 15th FEB 2026 TO 25th FEB 2026 )

10 Nights 11 Days Tour From 15th Feb 2026 to 25th Feb 2026

AKAL TAKHAT SAHIB & 5 OTHER PLACES | HYDRABAD & 2 OTHER PLACES
HAZUR SAHIB & 8 OTHER GURUDWARAS | PATNA SAHIB & 5 OTHER GURUDWARA
CHANDIGARH & SUKHNA LAKE | ANANDPUR SAHIB & 4 OTHER GURUDWARAS
DAMDAMA SAHIB & 3 OTHER GURUDWARAS

- Luxury Hotel with Breakfast & Dinner
- Luxury Air-conditioned Coaches
- Domestic Flights
- Guide
- Flexibility to stay in India before & after the trip*
- Starting and Ending Point at Jalandhar

NOTE: TO BOOK DEPOSIT £600 AS AN ADVANCE INTO THE MENTIONED BANK ACCOUNT
BALANCE AMOUNT NEED TO BE DEPOSITED 2 WEEKS BEFORE THE TRAVEL DATE

Account Name
RAGHBIR SINGH
Bank Name
HALIFAX
Sort Code 11-08-07
Account Number
00516474

ADVICE

REQUEST TO ALL SANGAT TO HAVE YOUR OWN TRAVEL INSURANCE INDIVIDUALLY !

FOR MORE INFO CONTACT

**RAGHBIR SINGH**
(CALL +44 7458 381111, +44 7976 210161)

PARAMJIT SHERGILL
+44 7858 198159

INDERJIT KAUR
+44 7883 635835

KULVINDER MANN
+44 7900 982906

121, BROADWAY WEST WALSALL, WEST MIDLANDS, WS1 4DW, ENGLAND UK

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death
Sant Jarnail Singh Ji Khalsa Bhindranwale
www.damdamitaksal.net

---

ਦਮਦਮੀ ਟਕਸਾਲ
ਘੜੀਐ ਸਬਦੁ ਸਚੀ ਟਕਸਾਲ ॥

ਨਾਮ ਜਪੋ / ਕਿਰਤ ਕਰੋ / ਵੰਡ ਛੱਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ**
Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**
Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**
Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**
Learn Gurmukhi Punjabi

**ਗਤਕਾ ਸਿੱਖੋ** Learn Gatka
www.damdamitaksal.net

---


ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7I
Contact :
+447458381111
+447976210161
+919729091243


ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---

ਦੇਗ ਤੇਗ ਫ਼ਤਿਹ - ਪੰਥ ਕੀ ਜੀਤ

*ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥*

**ਨੌਵੇ ਪਾਤਸ਼ਾਹ ਧੰਨ-ਧੰਨ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ**
**350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**
**ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ**
**ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ**



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

**1 ਨਵੰਬਰ 2025, ਦਿਨ ਸ਼ਨੀਵਾਰ ਨੂੰ**
**ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ**
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਆਵਾਜ਼ਿ ਕੌਮ AWAZE QAUM
International Newspaper & WEB TV



ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਸੋਮਵਾਰ, ਸਵੇਰੇ 10 ਵਜੇ
ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਸ਼ਨੀਵਾਰ, ਸਵੇਰੇ 9 ਵਜੇ

**ਨੋਟ : ਇਹ ਸਮਾਗਮ 13 ਦਿਨ ਚੱਲੇਗਾ** ਦੇਸ਼-ਵਿਦੇਸ਼ ਤੋਂ ਸੰਗਤਾਂ ਪਹੁੰਚ ਰਹੀਆ।
ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ **ਸੰਤ ਬਾਬਾ ਰਣਜੀਤ ਸਿੰਘ ਜੱਸੋਵਾਲ**
ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404

ਸੰਪਰਕ ਨੰਬਰ
98141-27470
84278-66404
73408-35137






--✶ ਗੁਰੂ ਪੰਥ ਦਾ ਸੇਵਾਦਾਰ ✶--

# ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ

ਮੁਖੀ ਦਮਦਮੀ ਟਕਸਾਲ,
ਜਥਾ ਭਿੰਡਰਾਂ, ਮਹਿਤਾ

## ਅਤੇ ਪ੍ਰਧਾਨ ਸੰਤ ਸਮਾਜ




# ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ ਜੀ ਦੇ ਧਾਰਮਿਕ ਸਮਾਗਮਾਂ ਲਈ ਭਾਈ ਕਪਤਾਨ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।



# +44 7788 283485

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243



ਸ੍ਰੀ ਅਨੰਦਪੁਰ ਸਾਹਿਬ ਤੇ
ਸ੍ਰੀ ਅੰਮ੍ਰਿਤਸਰ ਸਾਹਿਬ ਨੂੰ
ਪਵਿੱਤਰ ਸ਼ਹਿਰ ਦਾ ਦਰਜਾ ਦੇਣ ਤੋਂ



## ਭਗਵੰਤ ਮਾਨ ਤੇ ਕੇਜਰੀਵਾਲ ਦੇ ਮੁਕਰਨ ਵਿਰੁੱਧ

# ਖ਼ਾਲਸਾ ਰੋਸ ਮਾਰਚ

ਐਤਵਾਰ 27 ਜੁਲਾਈ 2025

ਸਵੇਰੇ 11.00 ਵਜੇ ਆਰੰਭਤਾ

ਆਵਾਜ਼ਿ ਕੌਮ AWAZE QAUM International Newspaper & WEB TV

## ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ

ਸਮੂਹ ਸੰਗਤ,ਪੰਥਕ ਜਥੇਬੰਦੀਆਂ, ਕਿਸਾਨ ਅਤੇ ਨਿਹੰਗ ਸਿੰਘ ਜਥੇਬੰਦੀਆਂ, ਪੰਥਕ ਹਿਤੈਸ਼ੀਆਂ ਨੂੰ ਗੁਰੂ ਸਾਹਿਬ ਵੱਲੋਂ ਵਸਾਏ ਸ਼ਹਿਰਾਂ ਨੂੰ ਸਿੱਖ ਮਰਿਆਦਾ ਅਨੁਸਾਰ ਪਵਿੱਤਰ ਰੱਖਣ ਲਈ ਵੱਡੀ ਗਿਣਤੀ ਵਿੱਚ ਖਾਲਸਾ ਰੋਸ ਮਾਰਚ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ।



## ਜਥੇਦਾਰ ਜਗਤਾਰ ਸਿੰਘ ਹਵਾਰਾ

M. 98881-63281, 9888001888

## ਬੀਰ ਸਿੰਘ - "ਮੈਨੂੰ ਪਤਾ ਨਹੀਂ ਸੀ" ਵਾਲਾ

# ਡਰਾਮਾ ਹੁਣ ਨਹੀਂ ਚਲੇਗਾ !




ਕੋਈ ਵੀ ਐਨਾ ਭੋਲਾ ਨਹੀਂ ਹੁੰਦਾ ਕਿ ਸਰਕਾਰੀ ਸੱਦੇ 'ਤੇ ਸਟੇਜ 'ਤੇ ਚੜ੍ਹ ਕੇ ਗਾ ਦੇਵੇ ਤੇ ਕਹੇ - ਮੈਨੂੰ ਪਤਾ ਹੀ ਨਹੀਂ ਸੀ!

ਜਦੋਂ ਸਰਕਾਰੀ ਸੱਦਾ ਆਉਂਦਾ ਹੈ, ਚਿੱਠੀ ਮਿਲਦੀ ਹੈ, ਡਿਟੇਲ ਨਾਲ ਲਿਖਿਆ ਹੁੰਦਾ ਹੈ ਕਿ ਪ੍ਰੋਗਰਾਮ ਕਿਸ ਲਈ ਹੈ। ਫਿਰ ਇਹ ਕਹਿਣਾ ਕਿ "ਮੈਂ ਤਾਂ ਸਿੱਧਾ ਹੀ ਚਲਾ ਗਿਆ, ਗਲਤੀ ਅਣਜਾਣੇ ਵਿੱਚ ਹੋ ਗਈ" - ਇਹ ਤਾਂ ਸਾਫ਼-ਸਾਫ਼ ਝੂਠ ਤੇ ਨਾਟਕ ਹੈ।

ਬੀਰ ਸਿੰਘ ਦੇ ਮਾਮਲੇ ਵਿੱਚ ਵੀ ਇਹੀ ਜਾਪ ਰਿਹਾ ਹੈ - ਸਰਕਾਰੀ ਸੱਦਾ ਮਿਲਿਆ, ਸਾਰੀ ਜਾਣਕਾਰੀ ਮਿਲੀ, ਫਿਰ ਵੀ ਬਾਅਦ ਵਿੱਚ ਕਹਿਣਾ ਕਿ ਮੈਨੂੰ ਕੁਝ ਪਤਾ ਨਹੀਂ ਸੀ - ਇਹ ਹਜ਼ਮ ਨਹੀਂ ਹੁੰਦਾ।

ਭਾਸ਼ਾ ਵਿਭਾਗ - ਪੰਜਾਬੀ ਬਚਾਉ ਮਹਿਕਮਾ ਜਾਂ ਧਾਰਮਿਕ ਸਮਾਗਮਾਂ ਵਿੱਚ ਦਖਲਅੰਦਾਜ਼ੀ ਮਹਿਕਮਾ?

ਭਾਸ਼ਾ ਵਿਭਾਗ ਦਾ ਕੰਮ ਸੀ ਪੰਜਾਬੀ ਭਾਸ਼ਾ ਨੂੰ ਬਚਾਉਣਾ, ਸਰਕਾਰੀ ਵਿਭਾਗਾਂ ਦਫ਼ਤਰਾਂ ਅਤੇ ਯੂਨੀਵਰਸਿਟੀਆਂ ਵਿੱਚ ਪੰਜਾਬੀ ਲਾਗੂ ਕਰਵਾਉਣਾ।

ਪਰ ਆਪਣੇ ਅਸਲੀ ਕੰਮ ਨੂੰ ਛੱਡ ਕੇ ਧਾਰਮਿਕ ਪ੍ਰੋਗਰਾਮਾਂ ਦੇ ਪਿੱਛੇ ਕਿਉਂ ਲੱਗੇ ਹੋਏ ਹੋ?



ਹੁਣ ਸਖ਼ਤੀ ਲਾਜ਼ਮੀ ਹੈ!

ਭਾਸ਼ਾ ਵਿਭਾਗ ਦੇ ਮੁਖੀ ਜਸਵੰਤ ਸਿੰਘ ਜਾਫਰ ਨੂੰ ਵੀ ਅਕਾਲ ਤਖ਼ਤ 'ਤੇ ਤਲਬ ਕਰਨਾ ਚਾਹੀਦਾ ਹੈ।

ਸਾਫ਼ ਸ਼ਰਤ ਹੋਵੇ -

ਜੇ ਤੁਸੀਂ ਆਪਣੇ ਆਪ ਨੂੰ ਸਿੱਖ ਮੰਨਦੇ ਹੋ, ਤਾਂ ਪੇਸ਼ ਹੋਵੋ।

ਨਹੀਂ ਤਾਂ ਇਹ ਮਾਮਲਾ ਵੱਖਰਾ ਹੈ।

ਹੁਣ ਸਮਾਂ ਆ ਗਿਆ ਹੈ ਕਿ ਝੂਠੇ ਬਹਾਨੇ, "ਅਣਜਾਣੇ" ਵਾਲੇ ਡਰਾਮੇ ਤੇ ਪੰਜਾਬੀ ਦੇ ਨਾਮ 'ਤੇ ਹੋ ਰਹੇ ਖੇਡਾਂ ਦਾ ਖ਼ਾਤਮਾ ਕੀਤਾ ਜਾਵੇ।

ਤੁਸੀਂ ਕੀ ਸੋਚਦੇ ਹੋ? ਇਹ ਗਲਤੀ ਸੀ ਜਾਂ ਜਾਣ-ਬੁੱਝ ਕੇ ਕੀਤਾ ਕੰਮ? ਆਪਣੇ ਵਿਚਾਰ ਕਮੈਂਟ ਵਿੱਚ ਦਿਓ।

**-ਗੁਰਜੀਤ ਸਿੰਘ ਅਜ਼ਾਦ**

## ਖਾਲਸਾ ਕਾਲਜ ਮਹਿਤਾ

# ਐਮ.ਏ ਹਿਸਟਰੀ ਸਮੈਸਟਰ ਦੂਜੇ ਦਾ ਸ਼ਾਨਦਾਰ ਨਤੀਜਾ




**ਚੌਕ ਮਹਿਤਾ 26 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਦਮਦਮੀ ਟਕਸਾਲ ਦੇ ਮੌਜੂਦਾ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸ਼੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਵਿੱਦਿਅਕ ਅਦਾਰੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਕਾਲਜ ਮਹਿਤਾ ਚੌਂਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਐਮ.ਏ ਦੂਜੇ ਸਮੈਸਟਰ ਦੇ ਨਤੀਜੇ 100% ਰਹੇ। ਜਿਸ ਵਿੱਚ ਮਨਦੀਪ ਕੌਰ, ਸ਼ਰਨਜੀਤ ਕੌਰ, ਹਰਪ੍ਰੀਤ ਕੌਰ, ਕਿਰਨਦੀਪ ਕੌਰ , ਸੰਦੀਪ ਕੌਰ ਨੇ 76% ਅੰਕ ਸੁਖਮਨਪ੍ਰੀਤ ਕੌਰ 75%ਅੰਕ ਜਸ਼ਨਪ੍ਰੀਤ ਕੌਰ, ਨਵਨੀਤ ਕੌਰ, ਮਨਪ੍ਰੀਤ ਕੌਰ 73% ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ। ਇਸ ਤੋਂ ਇਲਾਵਾ ਪ੍ਰੇਮਜੀਤ ਸਿੰਘ, ਯਾਦਬੀਰ ਕੌਰ ਤੇ ਨਵਨੀਤ ਕੌਰ ਨੇ ਵੀ ਵਧੀਆ ਅੰਕ ਪ੍ਰਾਪਤ ਕੀਤੇ ।ਇਸ ਮੌਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਉਹਨਾਂ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਕਿਹਾ ਕਿ ਸੰਸਥਾ ਹਮੇਸ਼ਾ ਇਸੇ ਯਤਨ ਵਿੱਚ ਰਹਿੰਦੀ ਹੈ ਕਿ ਵਿਦਿਆਰਥੀਆਂ ਨੂੰ ਅਜਿਹੀ ਵਿਦਿਅਕ ਸਿਖਲਾਈ ਦਿੱਤੀ ਜਾਵੇ ਜਿਸ ਨਾਲ ਉਹ ਵਰਤਮਾਨ ਸਮੇਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣ ਸਕਣ ਅਤੇ ਆਧੁਨਿਕ ਮੁਕਾਬਲੇ ਵਾਲੇ ਯੁੱਗ ਵਿੱਚ ਆਪਣੀ ਨਿਵੇਕਲੀ ਪਹਿਚਾਣ ਬਣਾ ਸਕਣ ਅਤੇ ਨਾਲ ਹੀ ਉਹਨਾਂ ਨੇ ਆਪਣੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਦਾ ਧੰਨਵਾਦ ਕੀਤਾ।

ਇਸ ਸੁਨਹਿਰੀ ਮੌਕੇ ਤੇ ਕਾਲਜ ਪ੍ਰਿੰਸੀਪਲ ਗੁਰਦੀਪ ਸਿੰਘ ਜਲਾਲ ਉਸਮਾਂ, ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ,ਪ੍ਰਿੰਸੀਪਲ ਡਾ. ਜਤਿੰਦਰ ਸ਼ਰਮਾ, ਕਾਲਜ ਸੁਪਰਡੈਂਟ ਕੁਲਦੀਪ ਕੌਰ , ਮਨਜੀਤ ਕੌਰ ,ਗੁਰਸ਼ਰਨਪ੍ਰੀਤ ਕੌਰ, ਪੂਰਤੀ ਸ਼ਰਮਾ ,ਗੁਰਵਿੰਦਰ ਕੌਰ, ਰੁਪਿੰਦਰ ਕੌਰ, ਸੁਪ੍ਰੀਤ ਕੌਰ,ਨਵਨੀਤ ਕੌਰ,ਅਮਨਦੀਪ ਕੌਰ,ਪਵਨਦੀਪ ਕੌਰ,ਸੁਖਮਨਦੀਪ ਕੌਰ ਅਰਸ਼ਦੀਪ ਕੌਰ ਅਤੇ ਕਾਬਲ ਸਿੰਘ ਆਦਿ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਿਰੋਪਾਓ ਦੇ ਕੇ ਕੀਤਾ ਸਨਮਾਨਿਤ, ਹਰ ਪੱਧਰ ਉੱਤੇ ਸਹਿਯੋਗ ਦਾ ਦਿੱਤਾ ਭਰੋਸਾ



**ਸ੍ਰੀ ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਸ੍ਰੀ ਦਰਬਾਰ ਸਾਹਿਬ ਸਥਿਤ ਆਪਣੀ ਰਿਹਾਇਸ਼ ਵਿਖੇ ਸੱਦ ਕੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਨੇ ਵੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਿਰੋਪਾਓ ਦਿੱਤਾ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਤਿਹਾਸ ਅੰਦਰ ਹਮੇਸ਼ਾ ਹੀ ਬਾਬਾ ਬੁੱਢਾ ਜੀ ਦੀ ਸਤਿਕਾਰਤ ਪਦਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਅਤੇ ਭਾਈ ਗੁਰਦਾਸ ਜੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਰਹੇ ਵਿਚਕਾਰ ਆਪਸੀ ਤਾਲਮੇਲ, ਸਹਿਯੋਗ ਅਤੇ ਇਕ ਦੂਜੇ ਪ੍ਰਤੀ ਪੂਰਨ ਸਤਿਕਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਹਮੇਸ਼ਾ ਹੀ ਹਰ ਪੱਧਰ ਉੱਤੇ ਸਹਿਯੋਗ ਅਤੇ ਸਾਥ ਦੇਣਗੇ ਤਾਂ ਜੋ ਸਮੁੱਚੇ ਪੰਥਕ ਕਾਰਜ ਕੌਮੀ ਇਕਜੁੱਟਤਾ ਦੀ ਭਾਵਨਾ ਨਾਲ ਹੁੰਦੇ ਰਹਿਣ। ਇਸ ਮੌਕੇ ਤਿੰਨੇ ਸਿੰਘ ਸਾਹਿਬਾਨ ਦੇ ਵਿਚਕਾਰ ਪੰਥਕ ਅਤੇ ਧਾਰਮਿਕ ਸਰੋਕਾਰਾਂ ਪ੍ਰਤੀ ਦੀਰਘ ਵਿਚਾਰ ਵਟਾਂਦਰਾ ਹੋਇਆ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਦਾ ਧੰਨਵਾਦ ਕੀਤਾ।

## ਅਸ਼ੌਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਪਿੰਡ ਲੱਡਾਂ ਕੋਠੀ ਵਿਖੇ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਡਾਕਟਰ ਸੰਜੇ ਕਾਮਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਅਤੇ ਐਸ ਐਮ ਓ ਡਾਕਟਰ ਸੁਦੀਪ ਸਿੱਧੂ ਦੀ ਯੋਗ ਅਗਵਾਈ ਅਤੇ ਅਸ਼ੌਕ ਕੁਮਾਰ ਐਸ ਆਈ ਦੀ ਸੁਪਰਵੀਜਨ ਵਿੱਚ ਪਿੰਡ ਲੱਡਾਂ ਕੋਠੀ ਵਿਖੇ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ ਅਤੇ ਪਿੰਡ ਲੱਡਾਂ ਕੋਠੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਲੱਡਾਂ ਕੋਠੀ ਵਿਖੇ ਡੈਂਗੂ,ਮਲੇਰੀਏ ਵਰਗੀਆਂ ਬਿਮਾਰੀਆਂ ਤੋਂ ਬਚਾਓ ਲਈ ਖੜ੍ਹੇ ਪਾਣੀ ਦੇ ਸੋਮਿਆਂ ਵਿੱਚ ਟੇਮੀਫਾਸ਼ ਲਾਰਵੀਸਾਈਡ ਦਾ ਸਪਰੇਅ ਕਰਾਇਆ ਗਿਆ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਇਸ ਸਪਰੇਅ ਦਾ ਮੁੱਖ ਮੰਤਵ ਮੱਛਰ ਦੇ ਲਾਰਵੇ ਨੂੰ ਪੈਦਾ ਹੋਣ ਤੋਂ ਰੋਕਣਾ ਹੈ ।ਇਸ ਦੌਰਾਨ ਲੋਕਾਂ ਨੂੰ ਘਰਾਂ ਵਿੱਚ ਕੂਲਰਾਂ ,ਫਰਿੱਜਾਂ ਦੀਆਂ ਟਰੇਆਂ ,ਟੈਕੀਆਂ ,ਕੰਨਟੇਨਰਾ ,ਕਟੋਰੇ ,ਕਬਾੜ ਬਰਤਨਾਂ ਆਦਿ ਨੂੰ ਸਾਫ਼ ਕਰਨ ਸਬੰਧੀ ਜਾਣਕਾਰੀ ਦਿੱਤੀ ਅਤੇ ਘਰਾਂ ਤੋਂ ਬਾਹਰ ਪਏ ਕੰਡਮ ਸਮਾਨ ਜਿਵੇਂ ਪੁਰਾਣੇ ਟਾਇਰ,ਖਾਲੀ ਬੋਤਲਾਂ ਜਿੰਨਾਂ ਵਿੱਚ ਬਰਸਾਤ ਦਾ ਪਾਣੀ ਜਮਾਂ ਹੋ ਜਾਂਦਾ ਹੈ ਛੱਤਾ ਤੋਂ ਥੱਲੇ ਰੱਖਣ ਸਬੰਧੀ ਹਦਾਇਤ ਕੀਤੀ ਗਈ ।ਸਮੁੱਚੀ ਟੀਮ ਵੱਲੋਂ ਕੂਲਰਾਂ ਅਤੇ ਪਾਣੀ ਦੇ ਸੋਮਿਆਂ ਵਿੱਚ ਲਾਰਵੇ ਦੀ ਚੈਕਿੰਗ ਕੀਤੀ ਅਤੇ ਬੁਖਾਰ ਵਾਲੇ ਸ਼ੱਕੀ ਮਰੀਜਾਂ ਦੇ ਖੂਨ ਦੇ ਸੈਪਲ ਲਏ ਗਏ ।ਇਸ ਮੌਕੇ ਜਸਵਿੰਦਰ ਸਿੰਘ ਮ,ਪ,ਹ,ਵ (ਮ) ਅਤੇ ਬਲਜੀਤ ਕੌਰ ਹੈਡ ਟੀਚਰ ਅਤੇ ਰੁਪਿੰਦਰ ਕੌਰ,ਵਿਨੀਤ ਮੋਦੀ,ਸੁਖਜੀਤ ਕੌਰ ਟੀਚਰ ਅਤੇ ਲਖਵਿੰਦਰ ਸਿੰਘ,ਕਰਮਜੀਤ ਸਿੰਘ ਵਰੀਡ ਚੈਕਰ ਹਾਜ਼ਰ ਸਨ।

## ਪੰਚਾਇਤੀ ਉਪ ਚੋਣਾਂ ਦੇ ਮੱਦੇਨਜ਼ਰ, 27 ਜੁਲਾਈ ਨੂੰ ਪੇਂਡੂ ਖੇਤਰਾਂ ਵਿੱਚ ਸ਼ਰਾਬ ਦੀ ਵਿਕਰੀ 'ਤੇ ਪੂਰਨ ਪਾਬੰਦੀ : ਆਸ਼ਿਕਾ ਜੈਨ

**ਹੁਸ਼ਿਆਰਪੁਰ** : ਰਾਜ ਚੋਣ ਕਮਿਸ਼ਨ, ਪੰਜਾਬ ਦੀਆਂ ਹਦਾਇਤਾਂ 'ਤੇ, ਰਾਜ ਵਿੱਚ ਸਰਪੰਚਾਂ ਅਤੇ ਪੰਚਾਂ ਦੀਆਂ ਖਾਲੀ ਸੀਟਾਂ 'ਤੇ 27 ਜੁਲਾਈ, 2025 ਨੂੰ ਉਪ ਚੋਣਾਂ ਕਰਵਾਈਆਂ ਜਾ ਰਹੀਆਂ ਹਨ। ਇਸ ਸੰਦਰਭ ਵਿੱਚ ਜ਼ਿਲ੍ਹਾ ਮੈਜਿਸਟ੍ਰੇਟ-ਕਮ-ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਪੰਜਾਬ ਆਬਕਾਰੀ ਐਕਟ, 1914 ਦੀ ਧਾਰਾ 54 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਨਿਰਦੇਸ਼ ਦਿੱਤੇ ਹਨ ਕਿ ਪੰਚਾਇਤੀ ਚੋਣਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਬੰਧਤ ਪਿੰਡ ਖੇਤਰਾਂ ਦੀ ਸੀਮਾ ਵਿੱਚ ਸਥਿਤ ਸਾਰੀਆਂ ਸ਼ਰਾਬ ਦੀਆਂ ਦੁਕਾਨਾਂ (ਲਾਇਸੰਸਸ਼ੁਦਾ ਦੁਕਾਨਾਂ) 27 ਜੁਲਾਈ, 2025 ਨੂੰ ਪੂਰੀ ਤਰ੍ਹਾਂ ਬੰਦ ਰੱਖਿਆ ਜਾਵੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਉਪਰੋਕਤ ਦਿਨਾਂ ਦੌਰਾਨ ਨਾ ਸਿਰਫ਼ ਸ਼ਰਾਬ ਦੀਆਂ ਦੁਕਾਨਾਂ ਅਤੇ ਅਹਾਤੇ ਬੰਦ ਰਹਿਣਗੇ, ਸਗੋਂ ਕਿਸੇ ਵੀ ਹੋਟਲ, ਰੈਸਟੋਰੈਂਟ, ਕਲੱਬ ਜਾਂ ਹੋਰ ਥਾਵਾਂ 'ਤੇ ਸ਼ਰਾਬ ਦਾ ਸੇਵਨ, ਵਰਤਾਉਣ ਜਾਂ ਵਿਕਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਕੋਈ ਵੀ ਵਿਅਕਤੀ ਸ਼ਰਾਬ ਸਟੋਰ ਨਹੀਂ ਕਰ ਸਕੇਗਾ। ਇਹ ਹੁਕਮ ਜ਼ਿਲ੍ਹੇ ਦੇ ਸਾਰੇ ਲਾਇਸੰਸਸ਼ੁਦਾ ਅਹਾਤਿਆਂ 'ਤੇ ਬਰਾਬਰ ਲਾਗੂ ਹੋਵੇਗਾ, ਜਿਸ ਵਿੱਚ ਹੋਟਲ, ਕਲੱਬ ਅਤੇ ਬਾਰ ਸ਼ਾਮਲ ਹਨ।

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਬਣੇ ਰਹਿਣਗੇ




## ਧਰਮ ਪ੍ਰਚਾਰ ਖੇਤਰ ਵਿੱਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ

# ਪ੍ਰਚਾਰਕਾਂ ਢਾਡੀ ਕਵੀਸ਼ਰ ਸਿੰਘਾਂ ਦਾ ਕੀਤਾ ਜਾਵੇਗਾ ਵਿਸ਼ੇਸ਼ ਸਨਮਾਨ



**ਚੰਡੀਗੜ੍ਹ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸ੍ਰਿਸ਼ਟੀ ਦੀ ਚਾਦਰ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੇ ਨਵੰਬਰ 2025 ਵਿੱਚ ਆ ਰਹੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਧਰਮ ਪ੍ਰਚਾਰ ਦੀ ਨਿਰੰਤਰ ਚੱਲ ਰਹੀ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਢਾਡੀ ਕਵੀਸਰ ਸਿੰਘਾਂ ਜਿੰਨਾਂ ਨੇ ਪਿਛਲੇ ਸਮੇਂ ਦੌਰਾਨ ਚੰਗੀ ਕਾਰਗੁਜ਼ਾਰੀ ਦਿਖਾਈ ਹੈ ਉਨਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਪ੍ਰਸਿੱਧ ਅੰਤਰਾਸ਼ਟਰੀ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਨੇ ਮੀਡੀਆ ਨੂੰ ਇੱਕ ਲਿਖਤੀ ਪ੍ਰੈਸਨੋਟ ਜਾਰੀ ਕਰਦਿਆਂ ਕੀਤਾ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਅਕਾਲ ਪੁਰਖ ਵਾਹਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਸਦਕਾ ਪਿਛਲੇ ਤਿੰਨ ਦਹਾਕਿਆਂ ਤੋਂ ਸਰਬੱਤ ਦਾ ਭਲਾ ਆਪਸੀ ਭਾਈਚਾਰਾ ਪਿਆਰ ਸਿੱਖੀ ਦਾ ਪ੍ਰਚਾਰ ਅੰਮ੍ਰਿਤ ਸੰਚਾਰ ਦੀ ਸੇਵਾ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਚੜਦੀਕਲਾ ਨਾਲ ਨਿਭਾਈ ਜਾ ਰਹੀ ਹੈ 28 ਮਾਰਚ 2024 ਤੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਦੀ ਸੇਵਾ ਵੀ ਗੁਰੂ ਦੀ ਕਿਰਪਾ ਸਦਕਾ ਸੰਗਤਾਂ ਦੇ ਸਹਿਯੋਗ ਨਾਲ ਨਿਰੰਤਰ ਜਾਰੀ ਹੈ ਜਿਸ ਦੌਰਾਨ ਵੱਖ ਵੱਖ ਸਟੇਟਾਂ ਤੋਂ ਚੰਗੇ ਢਾਡੀ ਕਵੀਸ਼ਰ ਪ੍ਰਚਾਰਕ ਸਿੰਘ ਹਰਿਆਣਾ ਕਮੇਟੀ ਵਿੱਚ ਭਰਤੀ ਕੀਤੇ ਅਤੇ ਮੁੱਖ ਦਫ਼ਤਰ ਧਰਮ ਪ੍ਰਚਾਰ ਕੁਰੂਕਸ਼ੇਤਰ ਦੇ ਨਾਲ ਤਿੰਨ ਦਫ਼ਤਰ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ,ਗੁਰਦੁਆਰਾ ਮੰਜੀ ਸਾਹਿਬ ਜੀਂਦ,ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਸਿਰਸਾ ਵਿਖੇ ਖੋਲੇ ਗਏ ਜਿੱਥੇ ਪੰਥਪ੍ਰਸਤ ਗੁਰਮੁਖਾਂ ਦੀ ਇੰਚਾਰਜ ਤੌਰ ਤੇ ਡਿਊਟੀ ਲਗਾਈ ਗਈ ਹੈ ਜਿਵੇਂ ਪੰਥ ਦੀ ਸੇਵਾ ਕਰਦਿਆਂ ਧਰਮ ਯੁੱਧ ਮੋਰਚੇ ਦੌਰਾਨ 9 ਮਹੀਨੇ ਲਗਾਤਾਰ ਪੁਲਿਸ ਰਿਮਾਂਡ ਅਤੇ ਪੰਜ ਸਾਲ ਜੇਲ ਕੱਟਣ ਵਾਲੇ ਗੋਲਡ ਮੈਡਲਿਸਟ ਭਾਈ ਸਰਬਜੀਤ ਸਿੰਘ ਜੰਮੂ ਨੂੰ ਧਰਮ ਪ੍ਰਚਾਰ ਸਕੱਤਰ ਲਗਾਇਆ ਗਿਆ, ਗੁਰਮੁਖ ਪਿਆਰੇ ਭਾਈ ਗੁਰਭੇਜ ਸਿੰਘ ਮੁੱਖ ਦਫ਼ਤਰ ਕੁਰੂਕਸ਼ੇਤਰ ਦੇ ਇੰਚਾਰਜ,ਸਬ ਦਫ਼ਤਰ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਦਾ ਇੰਚਾਰਜ ਪੰਥਕ ਪਿਛੋਕੜ ਵਾਲੇ ਸ਼ਹੀਦ ਪਰਿਵਾਰ ਵਿੱਚੋਂ ਜਥੇਦਾਰ ਸਿਕੰਦਰ ਸਿੰਘ ਵਰਾਣਾ,ਗੁਰਦੁਆਰਾ ਸਾਹਿਬ ਪਾਤਸ਼ਾਹੀ 10ਵੀਂ ਸਿਰਸਾ ਧਰਮ ਪ੍ਰਚਾਰ ਸਬ ਦਫ਼ਤਰ ਦਾ ਇੰਚਾਰਜ ਦਮਦਮੀ ਟਕਸਾਲ ਦੇ ਵਿਦਿਆਰਥੀ ਸੰਘਰਸ਼ਸ਼ੀਲ ਸਿੱਖ ਭਾਈ ਬਲਵੰਤ ਸਿੰਘ ਗੋਪਾਲਾ ਅਤੇ ਗੁਰਦੁਆਰਾ ਮੰਜੀ ਸਾਹਿਬ ਜੀਂਦ ਧਰਮ ਪ੍ਰਚਾਰ ਸਬ ਦਫ਼ਤਰ ਦਾ ਇੰਚਾਰਜ 25 ਸਾਲ ਗੁਰਦੁਆਰਾ ਸੀਸਗੰਜ ਸਾਹਿਬ ਤਰਾਵੜੀ ਵਿਖੇ ਮੁੱਖ ਗ੍ਰੰਥੀ ਦੀ ਸੇਵਾ ਨਿਭਾਉਣ ਵਾਲੇ ਸਿੰਘ ਸਾਹਿਬ ਗਿ: ਸੂਬਾ ਸਿੰਘ ਨੂੰ ਲਗਾਇਆ ਗਿਆ ਹੈ ਇਸੇ ਤਰਾਂ ਬੜੀ ਚੜਦੀਕਲਾ ਵਾਲੇ ਜਥੇ ਢਾਡੀ ਕਵੀਸ਼ਰ ਪ੍ਰਚਾਰਕ ਸਿੰਘ ਭਰਤੀ ਕੀਤੇ ਜਿਨਾਂ ਨੇ ਹਰਿਆਣਾ ਹੀ ਨਹੀਂ ਸਿੱਖ ਸੰਗਤਾਂ ਦੀ ਮੰਗ ਤੇ ਪੰਜਾਬ,ਜੰਮੂ ਕਸ਼ਮੀਰ, ਹਿਮਾਚਲ, ਕਲਕੱਤਾ, ਹੈਦਰਾਬਾਦ ਤੱਕ ਧਰਮ ਦਾ ਪ੍ਰਚਾਰ ਕੀਤਾ ਅਤੇ ਗੁਰਮਤਿ ਕੈਂਪ ਲਗਾਏ ਅੰਮ੍ਰਿਤ ਸੰਚਾਰ ਕੀਤਾ ਜਿਸ ਦਾ ਰਿਕਾਰਡ ਧਰਮ ਪ੍ਰਚਾਰ ਦੇ ਦਫ਼ਤਰੀ ਰਜਿਸਟਰਾਂ ਵਿੱਚ ਨੋਟ ਹੈ ਜਥੇਦਾਰ ਦਾਦੂਵਾਲ ਜੀ ਨੇ ਕਿਹਾ ਕੇ ਧੰਨ ਧੰਨ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਸਾਲਾਂ ਸ਼ਹੀਦੀ ਦਿਵਸ ਨੂੰ ਸਮਰਪਿਤ ਵੱਖ ਵੱਖ ਪਿੰਡਾਂ ਸ਼ਹਿਰਾਂ ਤੋਂ ਇਲਾਵਾ ਨੌਵੇਂ ਪਾਤਸ਼ਾਹ ਨਾਲ ਸਬੰਧਿਤ ਇਤਿਹਾਸਿਕ ਅਸਥਾਨਾਂ ਉੱਪਰ ਵੀ ਧਰਮ ਪ੍ਰਚਾਰ ਦੇ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਣਗੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਿਆ ਜਾਵੇਗਾ ਪਿਛਲੇ ਸਮੇਂ ਵਿੱਚ ਦੇਸ਼ ਵਿਦੇਸ਼ ਅਤੇ ਭਾਰਤ ਦੀਆਂ ਵੱਖ ਵੱਖ ਸਟੇਟਾਂ ਵਿੱਚ ਧਰਮ ਪ੍ਰਚਾਰ ਕਰਕੇ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲੇ ਪ੍ਰਚਾਰਕ ਢਾਡੀ ਕਵੀਸ਼ਰ ਸਿੰਘਾਂ ਦਾ ਜਲਦੀ ਵਿਸ਼ੇਸ਼ ਸਨਮਾਨ ਸਮਾਰੋਹ ਕੀਤਾ ਜਾਵੇਗਾ।

### ਦਸ਼ਮੇਸ਼ ਪਬਲਿਕ ਸਕੂਲ ਮਹਿਤਾ ਵਿਖੇ

# ਮਨਾਇਆ ਤੀਆਂ ਦਾ ਤਿਉਹਾਰ




**ਚੌਕ ਮਹਿਤਾ 26 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਇਲਾਕੇ ਦੀ ਨਾਮਵਰ ਸੰਸਥਾਂ ਦਸ਼ਮੇਸ਼ ਪਬਲਿਕ ਸਕੂਲ ਮਹਿਤਾ ਚੌਂਕ ਵਿਖੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਅਤੇ ਅਜੋਕੀ ਨੌਜਵਾਨ ਪੀੜ੍ਹੀ ਨੂੰ ਆਪਣੀਆਂ ਸੱਭਿਆਚਾਰ ਵੰਨਗੀਆਂ ਨਾਲ ਜੋੜਨ ਦੇ ਉਪਰਾਲੇ ਵਜੋਂ ਅੱਜ ਤੀਆਂ ਦਾ ਤਿਉਹਾਰ ਮਨਾਇਆ ਗਿਆ ।ਸਾਉਣ ਮਹੀਨੇ ਦਾ ਪ੍ਰਮੁੱਖ ਤਿਉਹਾਰ ਜਿਸਦਾ ਥੀਮ 'ਤੀਆਂ ਧੀਆਂ ਦੀਆਂ ' ਉਚੇਚੇ ਤੌਰ ਤੇ ਸਕੂਲ ਦੇ ਵਿਦਿਆਰਥੀਆਂ ਦੁਆਰਾ ਬੜੇ ਹੀ ਉਤਸ਼ਾਹ ਨਾਲ ਸਕੂਲ ਕੈਂਪਸ ਵਿੱਚ ਮਨਾਇਆ ਗਿਆ ।ਸੰਸਥਾਂ ਦੇ ਚੈਅਰਮੈਨ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਤੀਆਂ ਸਾਡੇ ਸੱਭਿਆਚਾਰ ਦਾ ਜ਼ਰੂਰੀ ਅੰਗ ਹਨ ਅਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਸੱਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਦਿੱਤੀ। ਵਿਦਿਆਰਥਣਾਂ ਵੱਲੋਂ ਗਿੱਧੇ ,ਭੰਗੜੇ ਦੀ ਪੇਸ਼ਕਾਰੀ ਕੀਤੀ ਗਈ ।ਵਿਦਿਆਰਥਣਾਂ ਦੁਆਰਾ ਇਸ ਦਿਨ ਨੂੰ ਪੂਰੀ ਖੁਸ਼ੀ ਨਾਲ ਮਾਣਿਆ ਗਿਆ ਅਤੇ ਇੱਕ ਦੂਜੇ ਨਾਲ ਰਲ-ਮਿਲ ਕੇ ਪੂਰੇ ਸਹਿਯੋਗ ਨਾਲ ਇਸ ਦਿਨ ਨੂੰ ਚਾਰ-ਚੰਨ ਲਾਏ ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸ.ਮਨਪ੍ਰੀਤ ਸਿੰਘ ਟੱਕਰ,ਮੈ.ਗੁਰਬੀਰ ਕੌਰ,ਮੈ.ਰਵਿੰਦਰ ਕੌਰ,ਮੈ.ਸੁਧਾ,ਸਰ ਅੰਮ੍ਰਿਤਪਾਲ ,ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

### ਸੰਤ ਲੌਂਗੋਵਾਲ ਦੀ ਬਰਸੀ ਦੇ ਸਬੰਧ ਵਿੱਚ ਰੱਖੇ ਇਕੱਠ ਨੇ

# ਰਣਜੀਤ ਸਿੰਘ ਕਾਤਰੋਂ ਦੇ ਹਲਕਾ ਇੰਚਾਰਜ 'ਤੇ ਲਾਈ ਮੋਹਰ





**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਦਰਵੇਸ਼ ਸਿਆਸਤਦਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਸਲਾਨਾ ਬਰਸੀ ਨੂੰ ਮੁੱਖ ਰੱਖਦਿਆਂ ਧੂਰੀ ਹਲਕੇ ਦੀ ਮੀਟਿੰਗ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ, ਸਾਬਕਾ ਚੇਅਰਮੈਨ ਰਣਜੀਤ ਸਿੰਘ ਰੰਧਾਵਾ ਕਾਤਰੋਂ ਦੀ ਅਗਵਾਈ ਹੇਠ ਕੀਤੀ ਗਈ । ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਸਪੋਕਸਮੈਨ ਸ, ਵਿਨਰਜੀਤ ਸਿੰਘ ਗੋਲਡੀ ਖੜਿਆਲ ਹਲਕਾ ਇੰਚਾਰਜ ਸੰਗਰੂਰ, ਸੁਨਾਮ ਅਤੇ ਅਕਾਲੀ ਦਲ ਦੇ ਜਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਵਿਸ਼ੇਸ਼ ਤੌਰ 'ਤੇ ਸਾਮਿਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 20 ਅਗਸਤ ਨੂੰ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ ਮਨਾਈ ਜਾ ਰਹੀ ਹੈ। ਜਿਸ ਵਿੱਚ ਇਕ ਵੱਡਾ ਇਕੱਠ ਕਰਕੇ 2027 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਦੀ ਨੀਹ ਰੱਖੀ ਜਾਵੇਗੀ । ਜਿਸ ਵਿੱਚ ਧੂਰੀ ਹਲਕੇ ਤੋਂ ਪਾਰਟੀ ਦੇ ਵਰਕਰ ਅਹੁਦੇਦਾਰ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ । ਇਸ ਮੌਕੇ ਸ਼ੇਰ ਸਿੰਘ ਬਾਲੇਵਾਲ, ਜਗਰੂਪ ਸਿੰਘ ਲੱਡਾ, ਜਗਜੀਤ ਸਿੰਘ ਨੀਲਾ ਬੁਗਰਾ, ਜਗਜੀਤ ਸਿੰਘ ਲੱਡਾ, ਕਰਮਜੀਤ ਸਿੰਘ ਘਨੌਰੀ ਸਾਬਕਾ ਸਰਪੰਚ , ਕਰਮਜੀਤ ਸਿੰਘ ਪਲਾਸੌਰ ਸਾਬਕਾ ਸਰਪੰਚ, ਬ੍ਰਿਜ ਲਾਲ ਕਾਂਝਲਾ , ਰਾਜ ਸਿੰਘ ਭਲਵਾਨ, ਰਾਣਾ ਰੁਲਦੂ ਸਿੰਘ ਵਾਲਾ, ਹਰਵੰਤ ਸਿੰਘ ਕਾਤਰੋਂ ਠੇਕੇਦਾਰ ਜਗਦੇਵ ਸਿੰਘ ਜੱਸਾ, ਦਰਸ਼ਨ ਸਿੰਘ ਬਿਰਦੀ ਤੋਂ ਇਲਾਵਾ ਅਕਾਲੀ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

**ਸੰਤ ਲੌਂਗੋਵਾਲ ਦੀ ਬਰਸੀ 'ਤੇ ਧੂਰੀ ਤੋਂ ਸੰਗਤ ਵੱਡੀ ਗਿਣਤੀ 'ਚ ਸਾਮਿਲ ਹੋਵੇਗੀ ਗੋਲਡੀ ਖੜਿਆਲ, ਸੰਘਰੇੜੀ**

# ਸਬ ਸੈਂਟਰ ਪਿੰਡ ਉਦੋ ਨੰਗਲ ਵਿੱਚ ਐਂਟੀ, ਮਲੇਰੀਆ, ਚਿਕਨਗੁਨੀਆ, ਗਤੀਵਿਧੀਆ ਤੇ ਸਪਰੇਅ ਕਰਵਾਈ ਗਈ



**ਚੌਕ ਮਹਿਤਾ, 26 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਸਿਵਲ ਸਰਜਨ ਅੰਮ੍ਰਿਤਸਰ ਡਾ.ਕਿਰਨਦੀਪ ਕੋਰ ਜ਼ਿਲ੍ਹਾ ਮਲੇਰੀਆ ਅਫ਼ਸਰ ਡਾ. ਹਰਜੋਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਤੇ ਸਹਾਇਕ ਮਲੇਰੀਆ ਅਫ਼ਸਰ ਕੰਵਲ ਬਲਰਾਜ ਸਿੰਘ ਦੀ ਅਗਵਾਈ ਹੇਠ ਤੇ ਐੱਸ. ਐੱਮ. ਓ. ਤਰਸਿੱਕਾ ਡਾ. ਮੋਨਾ ਦੇ ਹੁਕਮਾ ਅਨੁਸਾਰ ਸੀ. ਐੱਚ. ਸੀ. ਤਰਸਿੱਕਾ ਦੇ ਸਬ ਸੈਂਟਰ ਉਧੋਨੰਗਲ ਪਿੰਡ ਉਧੋਨੰਗਲ ਖੁਰਦ ਵਿਖੇ ਐਂਟੀ ਡੇਂਗੂ, ਮਲੇਰੀਆ, ਚਿਕਨਗੁਨੀਆ, ਗਤੀਵਿਧੀਆਂ 'ਤੇ ਸਪਰੇਅ ਕਰਵਾਈ ਗਈ, ਜਿਸ ਦੀ ਅਗਵਾਈ ਅਪਿੰਦਰ ਸਿੰਘ ,ਮਲੇਰੀਆ ਸੁਪਰਵਾਈਜਰ,ਵਲੋਂ ਕੀਤੀ ਗਈ ਘਰ-ਘਰ ਜਾ ਕੇ ਟੀਮ ਵਲੋਂ ਬਰਸਾਤ ਦੇ ਮੌਸਮ ਵਿਚ ਘਰਾਂ ਵਿਚ ਗਮਲਿਆਂ, ਟੁਟੇ ਭੱਜੇ ਭਾਂਡਿਆ, ਟਾਇਰਾਂ, ਕੋਠਿਆਂ ਦੀਆਂ ਛੱਤਾਂ 'ਤੇ ਪਏ ਵਾਧੂ ਘਾਟੂ ਸਾਮਾਨ ਵਿਚ ਬਰਸਾਤ ਦਾ ਪਾਣੀ ਜੋ ਇਨ੍ਹਾਂ ਵਿਚ ਭਰ ਜਾਂਦਾ ਹੈ ਦੀ ਚੈਕਿੰਗ ਕੀਤੀ ਗਈ ਚੈਕਿੰਗ ਦੌਰਾਨ 1 ਘਰਾ ਵਿਚ ਮੱਛਰ ਦਾ ਲਾਰਵਾ ਵੀ ਮਿਲਿਆ, ਜਿਸ ਨੂੰ ਮੌਕੇ 'ਤੇ ਨਸ਼ਟ ਕੀਤਾ ਗਿਆ ਇਸ ਮੋਕੇ ਸਮੂਹ ਟੀਮ ਮੈਬਰਾਂ ਵਲੋ ਵਲੋਂ ਡੇਗੂ ਬੁਖਾਰ ਅਤੇ ਇਸ ਦੇ ਬਚਾਆ ਬਾਰੇ ਜਾਣਕਾਰੀ ਦਿੰਦਿਆਂ ਦਸਿਆ ਕਿ ਡੇਗੂ ਬੁਖਾਰ Aedes aegypti ਨਾਂ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਡੇਂਗੂ ਦਾ ਮੱਛਰ ਸਾਫ ਪਾਣੀ ਵਿਚ ਪਨਪਦਾ ਹੈ। ਇਹ ਦਿਨ ਅਤੇ ਸ਼ਾਮ ਵੇਲੇ ਕੱਟਦਾ ਹੈ। ਉਨਾ ਕਿਹਾ ਕਿ ਪਿੰਡ ਵਾਸੀ ਆਪਣੇ ਆਲੇ ਦੁਆਲੇ ਸਾਫ ਸਫਾਈ ਦਾ ਖਾਸ ਖਿਆਲ ਰੱਖਣ ਅਤੇ ਬਾਰਿਸ਼ ਦੇ ਪਾਣੀ ਨੂੰ ਘਰਾਂ ਲਾਗੇ ਖੜਾ ਨਾ ਹੋਣ ਦੇਣ। ਉਨਾਂ ਲੋਕਾਂ ਨੂੰ ਉਨਾਂ ਦੇ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟਰੇਆਂ, ਛੱਤਾਂ ਤੇ ਪਏ ਪੁਰਾਣੇ ਟਾਇਰਾਂ, ਭਾਂਡਿਆਂ, ਟੁੱਟੇ ਗਮਲਿਆਂ, ਟੈਂਕੀਆਂ ਵਿਚ ਬਾਰਿਸ਼ ਦਾ ਪਾਣੀ ਨਾ ਇਕੱਠਾ ਹੋਣ ਲਈ ਪ੍ਰੇਤਿ ਕੀਤਾ। ਉਨਾਂ ਕਿਹਾ ਕਿ ਡੇਂਗੂ ਦੇ ਮੱਛਰ ਕਾਰਨ ਜਿਥੇ ਬੁਖਾਰ ਹੁੰਦਾ ਹੈ ਉਥੇ ਸਿਰਦਰਦ, ਮਸੂੜਿਆਂ ਵਿਚੋਂ ਖ਼ੂਨ ਆਉਣਾ, ਮਾਸਪੇਸ਼ੀਆਂ ਵਿਚ ਦਰਦ, ਉਲਟੀਆਂ ਆਉਣਾ ਆਦਿ ਹੋ ਸਕਦੇ ਹਨ। ਇਸ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਪੂਰੀ ਤਰਾਂ ਕਵਰ ਕਰ ਕੇ ਰੱਖਣਾ ਚਾਹੀਦਾ ਹੈ। ਰਾਤ ਨੂੰ ਸੋਣ ਸਮੇਂ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਡੇਂਗੂ ਬੁਖਾਰ ਦਾ ਟੈਸਟ ਅਤੇ ਇਲਾਜ ਸਰਕਾਰੀ ਹਸਪਤਾਲਾਂ ਵਿਚ ਮੁਫ਼ਤ ਕੀਤਾ ਜਾਂਦਾ ਹੈ। ਇਸ ਮੋਕੇ ਗੁਰਮੁਖ ਸਿੰਘ ਬੀਈਈ ਨਿਰਮਲ ਸਿੰਘ ਮ ਪ ਹ ਵ ( ਮੇਲ ) ਸਪਰੇ ਟੀਮ ਹਰਭੇਜ ਸਿੰਘ ਜਗਜੀਤ ਸਿੰਘ ਆਦਿ ਹਾਜਰ ਸਨ।






## ਜਨਮ ਦਿਨ ਮੁਬਾਰਕ

**ਸ਼ਹਿਬਾਜ ਕੌਰ**
ਪਿਤਾ ਗੁਰਵਿੰਦਰ ਸਿੰਘ ਜੌਹਲ, ਮਾਤਾ ਮਨਪ੍ਰੀਤ ਕੌਰ ਜੌਹਲ
ਪਿੰਡ ਵਡਾਲਾ ਜੌਹਲ
( ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਬਠਿੰਡਾ ਰੂਰਲ ਕੈਮਿਸਟ ਐਸੋਸੀਏਸ਼ਨ

# ਬਲਾਕ ਤਲਵੰਡੀ ਸਾਬੋ ਦੀ ਹੋਈ ਮਹੀਨਾਵਾਰ ਮੀਟਿੰਗ



**ਤਲਵੰਡੀ ਸਾਬੋ, 26 ਜੁਲਾਈ (ਗੁਰਜੰਟ ਸਿੰਘ ਨਥੇਹਾ)**- ਬਠਿੰਡਾ ਰੂਰਲ ਕੈਮਿਸਟ ਐਸੋਸੀਏਸ਼ਨ ਬਲਾਕ ਤਲਵੰਡੀ ਸਾਬੋ ਦੀ ਮਹੀਨਾਵਾਰ ਮੀਟਿੰਗ ਜਿਲਾ ਪ੍ਰਧਾਨ ਦਲਜੀਤ ਸਿੰਘ ਜੇਠੂਕੇ ਦੀ ਅਗਵਾਈ ਵਿੱਚ ਹੋਈ ਜਿਸ ਵਿੱਚ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਵਿੱਚੋ ਕੈਮਿਸਟ ਸਾਥੀਆਂ ਨੇ ਹਾਜਰੀ ਭਰੀ। ਮੀਟਿੰਗ ਵਿੱਚ ਬਠਿੰਡਾ ਜਿਲੇ ਦੇ ਵੱਖ-ਵੱਖ ਬਲਾਕਾਂ ਦੇ ਅਹੁਦੇਦਾਰ ਅਤੇ ਜਿਲ੍ਹਾ ਪ੍ਰਧਾਨ ਦਲਜੀਤ ਸਿੰਘ ਜੇਠੂਕੇ, ਮਨਜਿੰਦਰ ਸ਼ਰਮਾ ਪ੍ਰਧਾਨ ਬਲਾਕ ਰਾਮਪੁਰਾ, ਅਜੈਬ ਸਿੰਘ ਪ੍ਰਧਾਨ ਬਲਾਕ ਭਾਈ ਰੂਪਾ, ਮਨਿੰਦਰ ਸਿੰਘ ਕਮੇਟੀ ਮੈਂਬਰ ਜਿਲ੍ਹਾ ਬਾਡੀ ਸਮੇਤ ਵਿਸ਼ੇਸ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਵੱਖ-ਵੱਖ ਆਗੂਆ ਨੇ ਆਪਣੇ ਵੀਚਾਰ ਪੇਸ਼ ਕੀਤੇ ਅਤੇ ਕੈਮਿਸਟ ਸਾਥੀਆਂ ਨੂੰ ਆ ਰਹੀਆਂ ਮੁਸ਼ਿਕਲਾਂ ਬਾਰੇ ਵੀਚਾਰਾਂ ਹੋਈਆਂ। ਹਰ ਵਾਰ ਦੀ ਤਰ੍ਹਾਂ ਨਸ਼ੇ ਦੇ ਮਾੜੇ ਦੌਰ ਬਾਰੇ ਵੀ ਵਿਸਥਾਰ ਪੂਰਵਕ ਵੀਚਾਰਾਂ ਹੋਈਆਂ। ਬਲਾਕ ਤਲਵੰਡੀ ਸਾਬੋ ਪ੍ਰਧਾਨ ਜਸਵਿੰਦਰ ਸਿੰਘ ਮਲਕਾਣਾ ਨੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚੱਲ ਰਹੀ ਮੁਹਿੰਮ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਬਾਰੇ ਕੈਮਿਸਟ ਸਾਥੀਆਂ ਨੂੰ ਅਪੀਲ ਕੀਤੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਹਰਚਰਨ ਸਿੰਘ ਮੀਤ ਪ੍ਰਧਾਨ, ਬਲਕਾਰ ਸਿੰਘ ਜੱਜਲ ਪ੍ਰੈਸ ਸਕੱਤਰ, ਹਰਵਿੰਦਰ ਸਿੰਘ ਸਰਕਲ ਪ੍ਰਧਾਨ ਪੱਕਾ ਕਲਾ, ਸੁਖਪਾਲ ਸਿੰਘ ਬਹਿਮਣ ਜੱਸਾ, ਡਾ. ਮਨਪ੍ਰੀਤ ਸਿੰਘ ਮਲਕਾਣਾ, ਹਨੀ ਕੁਮਾਰ ਮਲਕਾਣਾ, ਕਰਨ ਸਿੰਘ ਹਰਵਿੰਦਰ ਸਿੰਘ, ਬਿਕਰਮਜੀਤ ਸਿੰਘ, ਮਨਜੀਤ ਸਿੰਘ ਪੱਕਾ ਕਲਾਂ, ਸ਼ਿਵਰਾਜ ਸਿੰਘ ਸੀਂਗੋ, ਗਗਨਦੀਪ ਸੀਂਗੋ, ਸਲਿੰਦਰ ਸੀਂਗੋ, ਹੁਸਨਪ੍ਰੀਤ ਸੀਂਗੋ, ਪ੍ਰਿੰਸ ਕੁਮਾਰ ਸੀਂਗੋ, ਹੈਪੀ ਸੀਂਗੋ, ਜਸਵੰਤ ਨਸੀਬਪੁਰਾ, ਸ਼ਿਵਰਾਜ ਸਿੰਘ ਸੁਖਲੱਧੀ, ਹਰਭਗਵਾਨ ਸਿੰਘ ਕੋਟਬਖਤੂ, ਪਰਮਜੀਤ ਸਿੰਘ ਮਾਹੀਨੰਗਲ, ਪਰਮਜੀਤ ਸਿੰਘ ਚੱਠੇਵਾਲਾ, ਬੂਟਾ ਸਿੰਘ ਜੀਵਨ ਸਿੰਘ ਵਾਲਾ, ਜੋਗਿੰਦਰ ਸਿੰਘ ਨਥੇਹਾ, ਨਵਦੀਪ ਨਥੇਹਾ, ਬਲਤੇਜ ਸਿੰਘ ਭਾਗੀਵਾਂਦਰ, ਬੂਟਾ ਸਿੰਘ ਬੰਗੀ ਦੀਪਾ, ਜੱਗਾ ਸਿੰਘ ਬੰਗੀ ਨਿਹਾਲ ਸਿੰਘ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਅਕਾਲ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ

# ਯੂ.ਜੀ.ਸੀ ਨੈੱਟ ਦੀ ਪ੍ਰੀਖਿਆ ਪਾਸ ਕੀਤੀ







ਤਲਵੰਡੀ ਸਾਬੋ, 26 ਜੁਲਾਈ (ਗੁਰਜੰਟ ਸਿੰਘ ਨਥੇਹਾ)- ਅਕਾਲ ਯੂਨੀਵਰਸਿਟੀ ਦੇ ਹੋਣਹਾਰ ਵਿਦਿਆਰਥੀਆਂ ਦੀਆਂ ਸਮੇਂ-ਸਮੇਂ ਸਿਰ ਵੱਖ-ਵੱਖ ਖੇਤਰਾਂ ਵਿਚ ਪ੍ਰਾਪਤੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਪੰਜਾਬੀ ਵਿਭਾਗ ਦੇ ਮੁਖੀ ਡਾ. ਗੁਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਿਛਲੇ ਦਿਨੀਂ ਹੋਈ ਯੂ.ਜੀ.ਸੀ. ਦੀ ਪ੍ਰੀਖਿਆ ਪੰਜਾਬੀ ਵਿਭਾਗ ਦੀ ਹੋਣਹਾਰ ਵਿਦਿਆਰਥਣ ਸਿਮਰਜੀਤ ਕੌਰ ਨੇ ਜੇ ਆਰ ਐੱਫ ਸਹਿਤ ਪਾਸ ਕੀਤੀ ਹੈ। ਇਸ ਤੋਂ ਇਲਾਵਾ ਅਰਸ਼ਦੀਪ ਕੌਰ ਨੇ ਵੀ ਪੀ.ਐਚ.ਡੀ ਲਈ ਨੈੱਟ ਪ੍ਰੀਖਿਆ ਪਾਸ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਲੜੀ ਵਿਚ ਹੀ ਕਾਮਰਸ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਨੇ ਵੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਹੋਈ ਯੂ.ਜੀ.ਸੀ. ਦੀ ਪ੍ਰੀਖਿਆ ਵਿਚ ਕਾਮਰਸ ਵਿਭਾਗ ਤੋਂ ਪੰਜ ਵਿਦਿਆਰਥੀਆਂ ਨੂੰ ਸਫਲਤਾ ਮਿਲੀ ਹੈ। ਜਿੱਥੇ ਅਮਨਦੀਪ ਕੌਰ ਤੇ ਮਨਦੀਪ ਕੌਰ ਨੈੱਟ ਪ੍ਰੀਖਿਆ ਪਾਸ ਕੀਤੀ ਹੈ, ਉੱਥੇ ਪਾਰਸਦੀਪ ਕੌਰ ਨੇ ਇਹ ਪ੍ਰੀਖਿਆ ਜੇ.ਆਰ.ਐੱਫ ਸਹਿਤ ਪਾਸ ਕੀਤੀ ਹੈ। ਇਸ ਤੋਂ ਇਲਾਵਾ ਆਰਜ਼ੂ ਤੇ ਰਣਦੀਪ ਕੌਰ ਨੇ ਪੀ.ਐਚ.ਡੀ ਦਾਖਲੇ ਲਈ ਪ੍ਰੀਖਿਆ ਪਾਸ ਕਰ ਲਈ ਹੈ। ਗੌਰਤਲਬ ਹੈ ਕਿ ਯੂਨੀਵਰਸਿਟੀ ਵਿਚ ਵਿਦਿਆਰਥੀਆਂ ਨੂੰ ਜਿੱਥੇ ਵੱਖ-ਵੱਖ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਈ ਜਾਂਦੀ ਹੈ, ਉੱਥੇ ਹਰ ਵਿਭਾਗ ਦੁਆਰਾ ਐੱਮ.ਏ., ਐੱਮ.ਕਾਮ ਅਤੇ ਐੱਮ.ਐੱਸ.ਸੀ ਦੇ ਵਿਦਿਆਰਥੀਆਂ ਦਾ ਇੱਕ ਲੈਕਚਰ ਖ਼ਾਸ ਤੌਰ ਤੇ ਯੂ.ਜੀ.ਸੀ ਦੀ ਤਿਆਰੀ ਲਈ ਸਾਰਾ ਸਾਲ ਲਗਾਇਆ ਜਾਂਦਾ ਹੈ। ਵਿਦਿਆਰਥਿਆਂ ਦੀ ਇਸ ਸਫਲਤਾ ਲਈ ਸੰਬੰਧਿਤ ਵਿਭਾਗਾਂ ਦੇ ਮੁਖੀਆਂ ਅਤੇ ਸਾਥੀ ਪ੍ਰੋ. ਸਾਹਿਬਾਨ ਨੇ ਵਧਾਈ ਦਿੱਤੀ। ਇਸ ਮੌਕੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ ਡੀਨ ਅਕਾਦਮਿਕ ਮਾਮਲੇ ਮੇਜਰ ਜਨਰਲ ਡਾ. ਗੁਰਚਰਨ ਸਿੰਘ ਲਾਂਬਾ ਅਤੇ ਰਜਿਸਟਰਾਰ ਪ੍ਰੋ. ਸਵਰਨ ਸਿੰਘ ਨੇ ਵੀ ਸ਼ੁਭ ਕਾਮਨਾਵਾਂ ਦਿੱਤੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਪੱਤਰਕਾਰ ਰਾਮਪਾਲ ਅਰੋੜਾ ਅਤੇ ਸਮਾਜ ਸੇਵੀ ਓਮ ਪ੍ਰਕਾਸ਼ ਅਰੋੜਾ ਨੂੰ ਸਦਮਾ, ਮਾਤਾ ਦਾ ਦਿਹਾਂਤ



ਤਲਵੰਡੀ ਸਾਬੋ, 26 ਜੁਲਾਈ (ਗੁਰਜੰਟ ਸਿੰਘ ਨਥੇਹਾ)- ਪੱਤਰਕਾਰ ਰਾਮਪਾਲ ਅਰੋੜਾ ਅਤੇ ਸਮਾਜ ਸੇਵੀ ਓਮ ਪ੍ਰਕਾਸ਼ ਅਰੋੜਾ ਨੂੰ ਉਸ ਸਮੇਂ ਡੂੰਘਾ ਸਦਮਾ ਲੱਗਾ ਜਦੋਂ ਉਹਨਾਂ ਦੇ ਮਾਤਾ ਸ੍ਰੀਮਤੀ ਸ਼ੀਲਾ ਦੇਵੀ ਧਰਮ ਪਤਨੀ ਸਵ. ਦੇਸਰਾਜ ਚਲਾਣਾ ਵਾਸੀ ਪਿੰਡ ਸੇਖੂ ਦਾ ਅਚਾਨਕ ਦਿਹਾਂਤ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਸ੍ਰੀਮਤੀ ਸ਼ੀਲਾ ਦੇਵੀ ਦੀ ਵੀਰਵਾਰ ਸ਼ਾਮ ਨੂੰ ਅਚਾਨਕ ਸਿਹਤ ਵਿਗੜਨ ਕਾਰਨ ਬਠਿੰਡਾ ਵਿਖੇ ਹਸਪਤਾਲ ਲਿਜਾਣ ਸਮੇਂ ਰਸਤੇ ਵਿੱਚ ਹੀ ਅਚਾਨਕ ਦਿਹਾਂਤ ਹੋ ਗਿਆ ਅਤੇ ਬੀਤੇ ਕੱਲ ਸ਼ੁਕਰਵਾਰ ਨੂੰ ਪਿੰਡ ਸੇਖੂ ਦੇ ਸ਼ਮਸ਼ਾਨਘਾਟ ਵਿਖੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਅਤੇ ਅੰਤਿਮ ਅਰਦਾਸ ਗੁਰਦੁਆਰਾ ਸਾਹਿਬ ਪਿੰਡ ਸੇਖੂ ਵਿਖੇ ਤਿੰਨ ਅਗਸਤ ਦਿਨ ਐਤਵਾਰ ਨੂੰ ਹੋਵੇਗੀ। ਸ਼ੀਲਾ ਦੇਵੀ ਦੇ ਅਚਾਨਕ ਹੋਏ ਦਿਹਾਂਤ ਤੇ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ, ਚੀਫ ਵਿਪ੍ਹ ਪ੍ਰੋ. ਬਲਜਿੰਦਰ ਕੌਰ ਵਿਧਾਇਕਾ ਤਲਵੰਡੀ ਸਾਬੋ, ਕਾਂਗਰਸ ਦੇ ਜ਼ਿਲ੍ਹਾ ਬਠਿੰਡਾ ਦਿਹਾਤੀ ਪ੍ਰਧਾਨ ਖੁਸ਼ਬਾਜ ਸਿੰਘ ਜਟਾਣਾ ਹਲਕਾ ਇੰਚਾਰਜ ਤਲਵੰਡੀ ਸਾਬੋ, ਅਕਾਲੀ ਦਲ ਦੇ ਹਲਕਾ ਇੰਚਾਰਜ ਰਵੀਪ੍ਰੀਤ ਸਿੰਘ ਸਿੱਧੂ, ਸੀਨੀਅਰ ਆਪ ਆਗੂ ਲਬੇਲ ਸਿੰਘ ਰਾਮਾਂ ਪਿੰਡ, ਲੋਕ ਅਧਿਕਾਰ ਲਹਿਰ ਦੇ ਕਾਰਜਕਾਰਣੀ ਮੈਂਬਰ ਗਗਨਦੀਪ ਸਿੰਘ ਬਹਿਣੀਵਾਲ, ਰਿਫਾਇਨਰੀ ਪੁਲਿਸ ਚੌਂਕੀ ਦੇ ਇੰਚਾਰਜ ਰਵਨੀਤ ਸਿੰਘ, ਰਾਮਾਂ ਸਹਾਰਾ ਕਲੱਬ ਤੋਂ ਡਾ. ਸੋਹਣ ਲਾਲ ਕਲਿਆਣੀ, ਹੈਲਪਲਾਈਨ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਬੌਬੀ ਲਹਿਰੀ, ਲੋਕ ਭਲਾਈ ਸੇਵਾ ਸੰਮਤੀ ਦੇ ਪ੍ਰਧਾਨ ਵਿਸ਼ਾਲ ਲੈਹਰੀ, ਸਰੂਪ ਸਿੰਘ ਰਾਮਾਂ ਸੂਬਾ ਜਨਰਲ ਸਕੱਤਰ ਭਾਕਿਯੂ ਲੱਖੋਵਾਲ, ਕ੍ਰਿਸ਼ਨ ਕੁਮਾਰ ਮਿੱਤਲ ਸਾਬਕਾ ਪ੍ਰਧਾਨ ਨਗਰ ਕੌਂਸਲ, ਕੌਂਸਲਰ ਮਨੋਜ ਕੁਮਾਰ ਸੀਂਗੋ, ਅਗਰਵਾਲ ਸਭਾ ਦੇ ਪ੍ਰਧਾਨ ਤੇਲੂਰਾਮ ਲਹਿਰੀ ਕੌਂਸਲਰ, ਅਰੋੜਵੰਸ਼ ਸਭਾ ਦੇ ਪ੍ਰਧਾਨ ਜਗਦੀਸ਼ ਰਾਏ ਚਲਾਣਾ, ਸੀਨੀਅਰ ਕਾਂਗਰਸੀ ਆਗੂ ਸੁਖਵੰਤ ਸਿੰਘ ਕਾਲਾ ਰਾਮਾਂ, ਸਾਹਿਬਜ਼ਾਦਾ ਫਤਿਹ ਸਿੰਘ ਗਰੁੱਪ, ਦਮਦਮਾ ਸਾਹਿਬ ਪ੍ਰੈੱਸ ਕਲੱਬ ਤਲਵੰਡੀ ਸਾਬੋ ਦੇ ਸਮੂਹ ਅਹੁਦੇਦਾਰ ਅਤੇ ਖਾਲਸਾ ਸੇਵਾ ਮਿਸ਼ਨ ਦੇ ਮੈਂਬਰਾਂ ਸਣੇ ਇਲਾਕੇ ਦੀਆਂ ਸਮਾਜ ਸੇਵੀ, ਧਾਰਮਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਅਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਐੱਸ.ਜੀ.ਐੱਨ. ਇੰਟਰਨੈਸ਼ਨਲ ਸਕੂਲ ਦੀਵਾਨਾਂ ਦੇ ਵਿਦਿਆਰਥੀਆਂ ਨੇ ਕਾਰਗਿਲ ਵਿਜੈ ਦਿਵਸ ਮਨਾਇਆ






ਬਰਨਾਲਾ -(ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ. ਐੱਨ. ਇੰਟਰਨੈਸ਼ਨਲ ਸਕੂਲ ਦੀਵਾਨਾਂ ਦੇ ਵਿਦਿਆਰਥੀਆਂ ਨੇ ਕਾਰਗਿਲ ਵਿਜੈ ਦਿਵਸ ਮਨਾਇਆ ਇਸ ਮੌਕੇ ਕਾਰਗਿਲ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਉਹਨਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ, ਇਸ ਮੌਕੇ ਕਾਰਗਿਲ ਸ਼ਹੀਦਾਂ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਅਤੇ ਕੁਲਜੀਤ ਸਿੰਘ ਨੇ ਦੱਸਿਆ ਕਿ ਇਸ ਲੜਾਈ ਵਿੱਚ 527 ਫ਼ੌਜੀ ਵੀਰਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ 1363 ਫ਼ੌਜੀ ਵੀਰ ਜ਼ਖਮੀ ਹੋਏ, ਤੇ ਆਖਿਰ 26 ਜੁਲਾਈ ਨੂੰ ਭਾਰਤ ਦਾ ਝੰਡਾ ਲਹਿਰਾ ਕੇ ਜਿੱਤ ਦਾ ਡੰਕਾ ਵਜਾਇਆ। ਇਸ ਮੌਕੇ ਸਮੁੱਚੇ ਸਟਾਫ਼ ਵਿੱਚ ਪਵਨਜੀਤ ਕੌਰ, ਸਵਦੀਪ ਕੋਰ ਅਮਨਜੋਤ ਕੌਰ, ਪ੍ਰਦੀਪ ਕੌਰ, ਰਮਨਜੀਤ ਕੌਰ, , ਹਰਪ੍ਰੀਤ ਕੌਰ, ਗੁਰਪ੍ਰੀਤ ਕੌਰ, ਸੁਖਪ੍ਰੀਤ ਕੋਰ , ਲਵਪ੍ਰੀਤ ਕੋਰ ਮਨਦੀਪ ਕੌਰ ,ਅਮਨਦੀਪ ਕੌਰ, ਕਮਲਜੀਤ ਕੌਰ, ਗੁਰਪ੍ਰੀਤ ਕੌਰ, ਲਛਮਣੀ, ਆਦਿ ਤੋਂ ਇਲਾਵਾ ਸਮੁੱਚੀ ਮੈਨੇਜ਼ਮੈਂਟ ਹਾਜ਼ਿਰ ਸੀ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵਲੋਂ ਕਰਵਾਏ ਗਏ ਪ੍ਰੋਗਰਾਮ ਆਤਮ ਗਾਇਨ ਵਿਚ ਸਾਜ਼ਿਸ਼ ਤਹਿਤ ਕੀਤੀ ਗਈ ਬੇਅਦਬੀ : ਬੀਬੀ ਰਣਜੀਤ ਕੌਰ



**ਨਵੀਂ ਦਿੱਲੀ 26 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਸ੍ਰੀਨਗਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਲੈ ਕੇ ਕਰਵਾਏ ਗਏ ਪ੍ਰੋਗਰਾਮ ਆਤਮ ਗਾਇਨ ਵਿਚ ਰੋਮਾਂਟਿਕ ਗਾਣੇ ਗਾਉਣ ਦੇ ਨਾਲ ਭੰਗੜੇ ਪੁਆਉਣ ਦੀ ਜਿਤਨੀ ਨਿਖੇਧੀ ਕੀਤੀ ਜਾਏ ਓਹ ਘੱਟ ਹੈ । ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਬੀਬੀ ਰਣਜੀਤ ਕੌਰ ਨੇ ਮੀਡੀਆ ਨੂੰ ਜਾਰੀ ਇਕ ਬਿਆਨ ਰਾਹੀਂ ਕਿਹਾ ਕਿ ਇਸ ਮਾਮਲੇ ਵਿਚ ਪੰਜਾਬ ਸਰਕਾਰ ਦੇ ਮੰਤਰੀ ਮੰਤਰੀ ਹਰਜੋਤ ਬੈਂਸ ਅਤੇ ਸਮੁੱਚੀ ਮੇਨੇਜਮੈਂਟ ਨੂੰ ਅਕਾਲ ਤਖਤ ਸਾਹਿਬ ਤੇ ਤਲਬ ਕਰ ਕੇ ਬੇਮਿਸਾਲ ਤਨਖਾਹ ਲਗਾਈ ਜਾਣੀ ਚਾਹੀਦੀ ਹੈ ਜਿਸ ਨਾਲ ਕੌਈ ਵੀਂ ਇਸ ਤਰ੍ਹਾਂ ਦੀ ਹਰਕਤ ਨਾ ਕਰ ਸਕੇ । ਬੀਰ ਸਿੰਘ ਨੇ ਤਾਂ ਮੁਆਫ਼ੀ ਵੀ ਮੰਗ ਲਈ, ਨਾਲ ਦੀ ਨਾਲ ਅਕਾਲ ਤਖ਼ਤ ਸਾਹਿਬ 'ਤੇ ਵੀ ਪੇਸ਼ ਵੀਂ ਹੋ ਗਿਆ, ਪਰ ਭਾਸ਼ਾ ਵਿਭਾਗ ਦੇ ਵਿਦਵਾਨ ਡਾਇਰੈਕਟਰ ਸਾਹਿਬ ਤੇ ਉਨ੍ਹਾਂ ਦੇ ਵਿਦਵਾਨ ਸਾਥੀ ਜਿਨ੍ਹਾਂ ਪ੍ਰੋਗਰਾਮ ਬਣਾਇਆ ਤੇ ਜਿਹੜੇ ਹੁਣ ਤਕ ਬਿਲਕੁਲ ਚੁੱਪ ਬੈਠੇ ਨੇ ਤੇ ਹਾਲੇ ਤੱਕ ਉਨ੍ਹਾਂ ਤਾਂ ਕੋਈ ਸਪੱਸ਼ਟੀਕਰਨ ਵੀ ਨਹੀਂ ਦਿੱਤਾ। ਇਸ ਨਾਲ ਸਾਬਿਤ ਹੁੰਦਾ ਹੈ ਕਿ ਇਹ ਸਭ ਜਾਣਬੁਝ ਕੇ ਪੰਥ ਦੀ ਭਾਵਨਾਵਾਂ ਨਾਲ ਖਿਲਵਾੜ ਕਰਣ ਦੀ ਸੋਚੀ ਸਮਝੀ ਸਾਜ਼ਿਸ਼ ਖੇਡੀ ਗਈ ਸੀ । ਭਗਵੰਤ ਮਾਨ ਵਰਗਾ ਬੰਦਾ ਜੋ ਕਿ ਸਾਰੀ ਉਮਰ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀ ਵਿਰਾਸਤ ਨੂੰ ਘਟਾ ਕੇ ਵੇਖਦਾ ਰਿਹਾ ਹੈ। ਇਹ ਉਸੇ ਸੋਚ ਦਾ ਪੈਰੋਕਾਰ ਹੈ ਜਿਹੜੀ ਸਮੁੱਚੀ ਸਿੱਖ ਵਿਰਾਸਤ ਅਤੇ ਇਤਿਹਾਸ ਨੂੰ ਛੁਟਿਆਉਣ ਲਈ ਭਗਤ ਸਿੰਘ ਦਾ ਬਿੰਬ ਆਪਣੇ ਹਿਸਾਬ ਨਾਲ ਵਰਤਦੀ ਹੈ। ਹਾਲੇ ਵੀਂ ਕਈਆਂ ਨੂੰ ਇਹ ਲੱਗ ਰਿਹਾ ਹੈ ਕੀ ਉਹ ਬੇਅਦਬੀ ਵਿਰੁੱਧ ਕਾਨੂੰਨ ਚੰਗੀ ਨੀਅਤ ਨਾਲ ਬਣਾ ਰਿਹਾ ਹੈ। ਜਦਕਿ ਬੇਅਦਬੀ ਕਰਣ ਤੇ ਕਰਵਾਉਣ ਵਿਚ ਓਹ ਵੀਂ ਮੋਹਰੀ ਭੂਮਿਕਾ ਅਦਾ ਕਰ ਰਿਹਾ ਹੈ ।

ਆਵਾਜ਼ਿ ਕੌਮ AWAZE QAUM International Newspaper & WEB TV

ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ

# ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ










ਬਿਲਾਸਪੁਰ/ਮੋਗਾ – (ਵਰਿਆਮ ਹਠੂਰ) ਵਿੱਦਿਆ ਦੇ ਖੇਤਰ ਵਿੱਚ ਦਿਨੋਂ ਦਿਨ ਲੰਬੀਆਂ ਪੁਲਾਂਘਾਂ ਪੁੱਟ ਰਹੀ ਇਲਾਕੇ ਦੀ ਚਰਚਿਤ ਤੇ ਨਾਮਵਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ (ਮੋਗਾ) ਵਿਖੇ ਤੀਆਂ ਦਾ ਤਿਉਹਾਰ ਬੜੇ ਹੀ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਗਿਆ, ਸਕੂਲ ਵਿੱਚ ਮੁੱਖ ਮਹਿਮਾਨ ਵਜੋਂ ਪਹੁੰਚੇ ਉੱਘੇ ਲੇਖਿਕਾ ਮੈਡਮ ਮਨਦੀਪ ਕੌਰ ਭਦੌੜ ਅਤੇ ਮੈਡਮ ਵਿਜੇ ਲਛਮੀ ਜੀ ਦਾ ਸਕੂਲ ਪਹੁੰਚਣ ਤੇ ਸਮੁੱਚੇ ਸਕੂਲ ਸਟਾਫ਼ ਅਤੇ ਬੱਚਿਆਂ ਨੇ ਭਰਵਾਂ ਸਵਾਗਤ ਕੀਤਾ ਅਤੇ ਗੁਲਦਸਤੇ ਦਿੰਦਿਆਂ ਜੀ ਆਇਆਂ ਆਖਿਆ, ਪ੍ਰੋਗਰਾਮ ਦੀ ਸ਼ੁਰੂਆਤ ਤਾੜੀਆਂ ਦੀ ਗੂੰਜ ਵਿੱਚ ਹੋਈ, ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ, ਬੋਲੀਆਂ, ਲੋਕ-ਨਾਚ, ਨੋਕ-ਝੋਕ, ਅਤੇ ਸਭਿਆਚਾਰਕ ਗੀਤਾਂ ਦੀ ਪੇਸ਼ਕਾਰੀ ਦੁਆਰਾ ਪੰਜਾਬੀ ਸੱਭਿਆਚਾਰ ਦੀ ਝਲਕ ਪੇਸ਼ ਕੀਤੀ ਗਈ। ਤ੍ਰਿੰਝਣ, ਪੰਜਾਬੀ ਰਸੋਈ, ਪੀਂਘਾਂ, ਵਣਜਾਰਾ ਆਦਿ ਦ੍ਰਿਸ਼ ਸਭ ਲਈ ਖਿੱਚ ਦਾ ਕੇਂਦਰ ਸਨ। ਸਕੂਲ ਦੀਆਂ ਸਾਰੀਆਂ ਵਿਦਿਆਰਥਣਾਂ ਪੰਜਾਬੀ ਪਹਿਰਾਵੇ ਵਿੱਚ ਫਬੀਆਂ ਹੋਈਆਂ ਸਨ। ਜਿਸ ਵਿੱਚੋਂ ਪੰਜਾਬੀ ਸੱਭਿਆਚਾਰ ਦੀ ਝਲਕ ਸਾਫ਼ ਨਜ਼ਰ ਆ ਰਹੀ ਸੀ। ਤਾੜੀਆਂ ਦੀ ਗੂੰਜ ਵਿੱਚ ਮਿਸ ਤੀਜ ਅਤੇ ਮਿਸ ਪੰਜਾਬਣ ਨੂੰ ਚੁਣਿਆ ਗਿਆ ਜਿਸ ਵਿੱਚ ਬਾਰਵੀ ਆਰਟਸ ਦੀ ਵਿਦਿਆਰਥਣ ਤਨਵੀਰ ਕੌਰ ਨੇ ਮਿਸ ਤੀਜ, ਅਤੇ ਗੁਰਲੀਨ ਕੌਰ ਨੇ ਮਿਸ ਪੰਜਾਬਣ ਦਾ ਟਾਈਟਲ ਜਿੱਤਿਆ, ਇਸ ਤੋਂ ਇਲਾਵਾ ਮਹਿੰਦੀ ਲਗਾਉਣ ਦੇ ਮੁਕਾਬਲੇ ਵੀ ਕਰਵਾਏ ਗਏ। ਜਿਸ ਵਿੱਚ ਜੇਤੂ ਵਿਦਿਆਰਥਣਾਂ ਨੂੰ ਵੀ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ, ਸਕੂਲ ਵੱਲੋ ਬੱਚਿਆਂ ਦੇ ਖਾਣ-ਪੀਣ ਲਈ ਤਰ੍ਹਾਂ-ਤਰ੍ਹਾਂ ਦੇ ਸਟਾਲ ਅਤੇ ਝੂਟਣ ਲਈ ਪੀਘਾਂ ਦਾ ਖ਼ਾਸ ਪ੍ਰਬੰਧ ਕੀਤਾ ਗਿਆ, ਬੱਚਿਆਂ ਨੇ ਖਾ-ਪੀ ਕੇ ਅਤੇ ਗਿੱਧੇ-ਭੰਗੜੇ ਪਾ ਕੇ ਤੀਆਂ ਦੇ ਤਿਉਹਾਰ ਦਾ ਖੂਬ ਆਨੰਦ ਮਾਣਿਆ, ਮੁੱਖ ਮਹਿਮਾਨ ਵਜੋਂ ਪਹੁੰਚੇ ਲੇਖਿਕਾ ਮੈਡਮ ਮਨਦੀਪ ਕੌਰ ਭਦੌੜ ਨੇ ਜਿੱਥੇ ਸਕੂਲ ਸਟਾਫ ਅਤੇ ਬੱਚਿਆਂ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਤੀਆਂ ਦੇ ਤਿਉਹਾਰ ਦੀ ਤਿਉਹਾਰ ਦੀ ਮਹੱਤਤਾ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਉੱਥੇ ਉਨ੍ਹਾਂ ਨੇ ਇੱਕ ਸ਼ਾਨਦਾਰ ਕਵਿਤਾ ਦੀ ਪੇਸ਼ਕਾਰੀ ਕੀਤੀ ਜਿਸ ਨੂੰ ਸਕੂਲ ਸਟਾਫ਼ ਅਤੇ ਬੱਚਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ, ਅੰਤ ਵਿੱਚ ਤੀਆਂ ਦਾ ਤਿਉਹਾਰ ਮਿੱਠੀਆਂ ਯਾਦਾਂ ਛੱਡਦਾ ਸਮਾਪਤ ਹੋਇਆ, ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮਾਜ ਸੇਵੀ ਸਰਦਾਰ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾਂ, ਸਕੂਲ ਪ੍ਰਿੰਸੀਪਲ ਕੁੰਜੂਮੋਲ ਜੋਅ ਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਨੇ ਇਸ ਮੌਕੇ 'ਤੇ ਸਾਰਿਆਂ ਨੂੰ ਵਧਾਈ ਦਿੱਤੀ, ਅਧਿਆਪਕਾਂ ਅਤੇ ਵਿਦਿਆਰਥਣਾਂ ਦੁਆਰਾ ਆਯੋਜਿਤ ਕੀਤੇ ਗਏ, ਇਸ ਪ੍ਰੋਗਰਾਮ ਦੀ ਪ੍ਰਸ਼ੰਸਾ ਕੀਤੀ ਤੇ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਇਸ ਤਰ੍ਹਾਂ ਲੱਗ ਰਿਹਾ ਹੈ ਜਿਵੇਂ ਧੀਆਂ ਦੇ ਰੂਪ ਵਿੱਚ ਧਰਤੀ ਉੱਤੇ ਸਵਰਗ ਉੱਤਰ ਆਇਆ ਹੋਵੇ। ਇਸ ਦੇ ਨਾਲ ਹੀ ਉਹਨਾਂ ਨੇ ਪ੍ਰੋਗਰਾਮ ਦੇ ਸਫ਼ਲਤਾ ਪੂਰਵਕ ਨੇਪਰੇ ਚੜ੍ਹਨ 'ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਤਾਰ ਹੁੰਦੇ ਰਹਿਣਗੇ ਜੋ ਕਿ ਨਵੀ ਪੀੜ੍ਹੀ ਨੂੰ ਪੰਜਾਬ ਦੇ ਸੱਭਿਆਚਾਰਕ ਅਤੇ ਅਮੀਰ ਵਿਰਸੇ ਨਾਲ ਜੋੜਦੇ ਹਨ। ਇਸ ਮੌਕੇ ਸਕੂਲ ਮੈਨੇਜਮੈਂਟ, ਸਕੂਲ ਸਟਾਫ਼ ਅਤੇ ਬੱਚੇ ਹਾਜ਼ਰ ਸਨ।

**ਮੁੱਖ ਮਹਿਮਾਨ ਵਜੋਂ ਪਹੁੰਚੇ ਲੇਖਿਕਾ ਮਨਦੀਪ ਕੌਰ ਭਦੌੜ ਦਾ ਸਕੂਲ ਸਟਾਫ਼ ਨੇ ਕੀਤਾ ਭਰਵਾਂ ਸਵਾਗਤ**

# ਦਿੱਲੀ ਕਮੇਟੀ ਅਧੀਨ ਚਲਦੇ ਤਿੰਨ ਸਕੂਲ ਜਨਰਲ ਹਾਊਸ ਜਾਂ ਕਾਰਜਕਾਰਨੀ ਦੀ ਬਿਨਾਂ ਪ੍ਰਵਾਨਗੀ ਤੋਂ ਵਿਧਾ ਵਿਚਾਰੀ ਟਰੱਸਟ ਨੂੰ ਕਿਵੇਂ ਦਿੱਤੇ ਗਏ: ਜੀ.ਕੇ.



**ਨਵੀਂ ਦਿੱਲੀ 26 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):-** ਦਿੱਲੀ ਹਾਈ ਕੋਰਟ ਵਿੱਚ ਚੱਲ ਰਹੇ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਸਟਾਫ ਦੇ ਅਦਾਲਤੀ ਮਾਮਲਿਆਂ ਵਿੱਚ 22 ਜੁਲਾਈ ਨੂੰ ਸੁਣਵਾਈ ਦੇ ਹੁਕਮ 'ਤੇ ਅਕਾਲੀ ਦਲ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਬੰਧਕਾਂ 'ਤੇ ਸਵਾਲ ਉਠਾਏ ਹਨ। ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਮੀਡੀਆ ਨੂੰ ਸੰਬੋਧਨ ਕਰਦੇ ਹੋਏ ਕਮੇਟੀ ਪ੍ਰਬੰਧਕਾਂ 'ਤੇ ਅਦਾਲਤੀ ਕਾਰਵਾਈ ਬਾਰੇ ਗਲਤ ਬਿਆਨ ਦੇਣ ਦਾ ਦੋਸ਼ ਲਗਾਇਆ ਹੈ। ਜੀ.ਕੇ. ਨੇ ਕਿਹਾ ਕਿ ਜਦੋਂ ਕਮੇਟੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅਦਾਲਤੀ ਸੁਣਵਾਈ ਤੋਂ ਬਾਅਦ ਮੀਡੀਆ ਵਿੱਚ ਦਾਅਵਾ ਕੀਤਾ ਕਿ ਭਾਈਚਾਰੇ ਦੀਆਂ ਜਾਇਦਾਦਾਂ ਨੂੰ ਬਚਾਇਆ ਗਿਆ ਹੈ। ਉਦੋਂ ਅਸੀਂ ਬਹੁਤ ਖੁਸ਼ ਹੋਏ। ਪਰ ਅਦਾਲਤ ਦੇ ਹੁਕਮ ਨੂੰ ਪੜ੍ਹਨ ਤੋਂ ਬਾਅਦ, ਸਾਨੂੰ ਝਟਕਾ ਲੱਗਾ ਹੈ, ਕਿਉਂਕਿ ਸਾਡੇ ਸਕੂਲਾਂ ਦੀ ਦੇਣਦਾਰੀ 400 ਕਰੋੜ ਰੁਪਏ ਤੋਂ ਵੱਧ ਕੇ 500 ਕਰੋੜ ਰੁਪਏ ਹੋ ਗਈ ਹੈ ਅਤੇ ਹੁਣ ਦਿੱਲੀ ਕਮੇਟੀ ਪ੍ਰਬੰਧਕਾਂ ਨੂੰ 500 ਕਰੋੜ ਰੁਪਏ ਦੇ ਪ੍ਰਬੰਧ ਦੇ ਸਰੋਤ ਬਾਰੇ ਚਾਰ ਹਫ਼ਤਿਆਂ ਵਿੱਚ ਜਵਾਬ ਦੇਣਾ ਪਵੇਗਾ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਸਾਡੇ ਸਕੂਲ ਬਚ ਜਾਣ, ਪਰ ਅਦਾਲਤੀ ਕਾਰਵਾਈ ਵਿੱਚ ਉਹ ਜੋ ਗੈਰ-ਜ਼ਿੰਮੇਵਾਰਾਨਾ ਵਿਵਹਾਰ ਦਿਖਾ ਰਹੇ ਹਨ, ਉਹ ਹੈਰਾਨੀਜਨਕ ਹੈ। ਜੀ.ਕੇ. ਨੇ ਕਿਹਾ ਕਿ ਹੁਣ ਉਹ ਦਾਅਵਾ ਕਰ ਰਹੇ ਹਨ ਕਿ ਅਸੀਂ ਭੁਗਤਾਨ ਦਾ ਚੌਥਾ ਸ਼ਿਡਊਲ ਜਮ੍ਹਾ ਕਰ ਦਿੱਤਾ ਹੈ। ਪਰ ਉਹ ਇਹ ਨਹੀਂ ਦੱਸ ਰਹੇ ਕਿ ਪਿਛਲੇ ਤਿੰਨ ਸ਼ਿਡਊਲ ਕਿਉਂ ਰੱਦ ਕੀਤੇ ਗਏ ਸਨ। ਉਨ੍ਹਾਂ ਨੇ ਤਿੰਨ ਸਕੂਲ ਵਿਧਾ ਵਿਚਾਰੀ ਟਰੱਸਟ ਨੂੰ ਦੇ ਦਿੱਤੇ ਹਨ। ਪਰ ਕੀ ਇਸਦੀ ਪ੍ਰਵਾਨਗੀ ਜਨਰਲ ਹਾਊਸ ਜਾਂ ਕਾਰਜਕਾਰਨੀ ਤੋਂ ਲਈ ਗਈ ਹੈ? ਅਸੀਂ ਵੀ ਚੁਣੇ ਹੋਏ ਮੈਂਬਰ ਹਾਂ, ਸਾਨੂੰ ਇਹ ਵੀ ਨਹੀਂ ਪਤਾ ਕਿ ਸਾਡੇ ਤਿੰਨ ਸਕੂਲ ਕਿਨ੍ਹਾਂ ਸ਼ਰਤਾਂ 'ਤੇ ਕਿਸੇ ਤੀਜੀ ਧਿਰ ਨੂੰ ਸੌਂਪੇ ਗਏ ਹਨ। ਸਾਡਾ ਉਦੇਸ਼ ਸਕੂਲਾਂ ਨੂੰ ਬਚਾਉਣਾ ਹੈ, ਪਰ ਉਨ੍ਹਾਂ ਦਾ ਉਦੇਸ਼ ਸਿਰਫ ਗੁੰਮਰਾਹ ਕਰਨਾ ਹੈ। ਜੀ.ਕੇ. ਨੇ ਪੁੱਛਿਆ ਕਿ ਦਿੱਲੀ ਕਮੇਟੀ ਦੇ ਓਹ ਮੈਂਬਰ ਹੁਣ ਕਿੱਥੇ ਹਨ ਜਿਹੜੇ ਸੋਸ਼ਲ ਮੀਡੀਆ 'ਤੇ ਸਕੂਲਾਂ ਨੂੰ ਬਚਾਉਣ ਦੇ ਝੂਠੇ ਦਾਅਵੇ ਕਰ ਰਹੇ ਸਨ।

# ਸਜਗਪ੍ਰੀਤ ਸਿੰਘ ਨੇ ਬੈਡਮਿੰਟਨ ਅੰਡਰ 19 ਕੈਟਗਰੀ ਅਧੀਨ ਗੋਲਡ ਮੈਡਲ ਜਿੱਤਿਆ



**ਚੌਕ ਮਹਿਤਾ, 26 ਜੁਲਾਈ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਸਜਗਪ੍ਰੀਤ ਸਿੰਘ ਨੇ ਬੈਡਮਿੰਟਨ ਅੰਡਰ 19 ਕੈਟਗਰੀ ਅਧੀਨ CISCE ਰੀਜਨਲ ਸਪੋਰਟਸ ਵਿੱਚ ਗੋਲਡ ਮੈਡਲ ਜਿੱਤਿਆ ਇਹ ਪ੍ਰਤੀਯੋਗਤਾ ਦਾ ਆਯੋਜਨ ਸੇਕਰੇਟਡ ਹਾਰਟ ਸੀਨੀਅਰ ਸੈਕੈਂਡਰੀ ਸਕੂਲ ਵੱਲੋਂ ਕੀਤਾ ਗਿਆ। ਪ੍ਰਯੋਗਤਾ ਵਿੱਚ ਦਿੱਲੀ ਐਨ ਸੀ ਆਰ ,ਸ਼ਿਮਲਾ, ਗੁਰਦਾਸਪੁਰ ,ਕਪੂਰਥਲਾ ਆਦਿ ਸਕੂਲਾਂ ਤੋਂ ਟੀਮਾਂ ਨੇ ਹਿੱਸਾ ਲਿਆ। ਜਿਸ ਵਿੱਚ CKD ਦੇ 10+2 ਅੰਮ੍ਰਿਤਸਰ ਦੇ ਵਿਦਿਆਰਥੀ ਸੱਜਗਪ੍ਰੀਤ ਸਿੰਘ ਨੇ ਕੋਚ ਅੰਕੁਸ਼ ਸਰ ਦੀ ਰਹਨੁਮਾਈ ਵਿੱਚ ਲਗਾਤਾਰ ਪੰਜ ਮੈਚ ਜਿੱਤ ਕੇ ਗੋਲਡ ਮੈਡਲ ਹਾਸਿਲ ਕੀਤਾ ਅਤੇ CISCE ਦੀਆਂ ਨੈਸ਼ਨਲ ਗੇਮਾਂ ਵਿੱਚ ਕੁਆਲੀਫਾਈ ਕੀਤਾ ਅਤੇ ਅੰਮ੍ਰਿਤਸਰ ਦਾ ਨਾਂ ਰੋਸ਼ਨ ਕੀਤਾ

# 350 ਸਾਲਾਂ ਗੁਰਪੁਰਬ ਮੌਕੇ ਸਰਕਾਰ ਵੱਲੋਂ ਆਪਣਾ ਵੋਟ ਬੈਂਕ ਵਧਾਉਣ ਹਿੱਤ ਹੋ ਗਏ ਗੈਰ ਇਖਲਾਕੀ ਅਮਲ ਅਤਿ ਨਿੰਦਣਯੋਗ : ਮਾਨ

**ਨਵੀਂ ਦਿੱਲੀ, 26 ਜੁਲਾਈ (ਮਨਪ੍ਰੀਤ ਸਿੰਘ ਖਾਲਸਾ):-** "ਬੀਤੇ ਸਮੇਂ ਦਾ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਜਦੋ ਵੀ ਹੁਕਮਰਾਨ ਜਾਂ ਸਰਕਾਰ ਨੇ ਪੰਜਾਬੀਆਂ ਤੇ ਸਿੱਖ ਕੌਮ ਵਿਚ ਆਪਣੇ ਵੋਟ ਬੈਂਕ ਨੂੰ ਵਧਾਉਣ ਦੀ ਮੰਦਭਾਵਨਾ ਅਧੀਨ ਸਿੱਖ ਸਮਾਗਮਾਂ ਵਿਚ ਰਹਿਤ ਮਰਿਯਾਦਾ ਵਿਚ ਦਖਲ ਦੇ ਕੇ ਆਪਣੇ ਆਪ ਨੂੰ ਪੰਥ ਹਿਤੈਸੀ ਸਾਬਤ ਕਰਨ ਦੀ ਕੋਸਿਸ ਕਰਦੇ ਹੋਏ ਗੈਰ ਧਾਰਮਿਕ ਤੇ ਗੈਰ ਇਖਲਾਕੀ ਅਮਲ ਕੀਤੇ ਹਨ, ਤਾਂ ਪੰਜਾਬੀਆਂ ਤੇ ਸਿੱਖ ਕੌਮ ਨੇ ਅਜਿਹੇ ਸਵਾਰਥੀ ਹੁਕਮਰਾਨਾਂ ਜਾਂ ਸਿਆਸੀ, ਧਾਰਮਿਕ ਪਾਰਟੀਆਂ ਦਾ ਕਤਈ ਸਾਥ ਨਹੀ ਦਿੱਤਾ । ਬਲਕਿ ਸਿੱਖ ਕੌਮ ਦੇ ਰੋਹ ਦਾ ਵੱਡਾ ਟਾਕਰਾ ਕਰਨਾ ਪਿਆ । ਅੱਜ ਸ. ਭਗਵੰਤ ਸਿੰਘ ਮਾਨ ਅਤੇ ਉਸਦੀ ਆਮ ਆਦਮੀ ਪਾਰਟੀ ਵੱਲੋ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਗੁਰਪੁਰਬ ਸਮਾਗਮਾਂ ਉਤੇ ਲਾਹਾ ਲੈਣ ਹਿੱਤ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਉਦਮ ਵਿਚ ਸਹਿਯੋਗ ਨਾ ਦੇ ਕੇ ਵੱਖਰੇ ਤੌਰ ਤੇ ਸਮਾਗਮ ਕਰਦੇ ਹੋਏ ਅਤੇ ਸਾਡੀਆ ਮਰਿਯਾਦਾਵਾ ਦਾ ਘਾਣ ਕਰਦੇ ਹੋਏ ਸ੍ਰੀਨਗਰ ਵਿਚ ਸਟੇਜ ਉਤੇ ਭੰਗੜੇ ਪਵਾਏ ਹਨ, ਇਨ੍ਹਾਂ ਗੈਰ ਇਖਲਾਕੀ ਤੇ ਮਰਿਯਾਦਾਵਾ ਦੇ ਉਲਟ ਕੀਤੇ ਜਾਣ ਵਾਲੇ ਸ਼ਰਮਨਾਕ ਕੰਮਾਂ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਹ ਥੋੜੀ ਹੈ । ਗੁਰੂ ਸਾਹਿਬਾਨ ਦੇ ਨਾਮ ਤੇ ਕੋਈ ਵੀ ਸਰਕਾਰ ਜਾਂ ਸਿਆਸਤਦਾਨ ਆਪਣੇ ਸਿਆਸੀ ਸਵਾਰਥਾਂ ਦੀ ਕਤਈ ਵੀ ਪੂਰਤੀ ਨਹੀ ਕਰ ਸਕਦਾ ਅਤੇ ਨਾ ਹੀ ਸਿੱਖ ਕੌਮ ਅਜਿਹੇ ਅਮਲਾਂ ਨੂੰ ਪ੍ਰਵਾਨਗੀ ਦੇਵੇਗੀ ।" ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋ ਅਤੇ ਆਮ ਆਦਮੀ ਪਾਰਟੀ ਵੱਲੋ ਸ੍ਰੀਨਗਰ ਵਿਖੇ 350 ਸਾਲਾਂ ਗੁਰਪੁਰਬ ਸਮਾਗਮਾਂ ਦੀ ਸਟੇਜ ਤੋ ਭੰਗੜੇ ਪਵਾਕੇ ਸਿੱਖ ਕੌਮ ਦੀਆਂ ਉੱਚ ਮਰਿਯਾਦਾਵਾ ਦਾ ਘਾਣ ਕਰਦੇ ਹੋਏ ਜੋ ਖਾਲਸਾ ਪੰਥ ਤੇ ਸਿੱਖ ਕੌਮ ਦੇ ਮਨਾਂ ਤੇ ਆਤਮਾ ਨੂੰ ਡੂੰਘੀ ਠੇਸ ਪਹੁੰਚਾਈ ਹੈ, ਉਸਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੇ ਹੋਏ ਅਤੇ ਇਸਦੇ ਨਿਕਲਣ ਵਾਲੇ ਭਿਆਨਕ ਨਤੀਜਿਆ ਲਈ ਖਬਰਦਾਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਕਿਸੇ ਵੀ ਸਿਆਸਤਦਾਨ ਜਾਂ ਸਰਕਾਰ ਨੂੰ ਗੁਰੂ ਸਾਹਿਬਾਨ ਜੀ ਦੇ ਉਨ੍ਹਾਂ ਮਹਾਨ ਦਿਹਾੜਿਆ ਜਿਨ੍ਹਾਂ ਨੇ ਮਨੁੱਖਤਾ ਅਤੇ ਇਨਸਾਨੀਅਤ ਲਈ ਆਪਣੀਆ ਸ਼ਹਾਦਤਾਂ ਦੇ ਕੇ ਸਮਾਜ ਨੂੰ ਉੱਚ ਕਦਰਾਂ ਕੀਮਤਾਂ ਤੇ ਪਹਿਰਾ ਦੇਣ ਲਈ ਅਗਵਾਈ ਕੀਤੀ ਹੈ, ਇਨ੍ਹਾਂ ਦਿਹਾੜਿਆ ਉਤੇ ਸਿਆਸੀ ਲਾਹੇ ਲੈਣ ਦੇ ਕੀਤੇ ਜਾ ਰਹੇ ਅਮਲਾਂ ਨੂੰ ਨਾ ਬਰਦਾਸਤ ਕਰਨ ਯੋਗ ਕਰਾਰ ਦਿੱਤਾ । ਉਨ੍ਹਾਂ ਭਾਸ਼ਾ ਵਿਭਾਗ ਪੰਜਾਬ ਦੇ ਉਨ੍ਹਾਂ ਅਧਿਕਾਰੀਆਂ ਦੀ ਵੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ ਜਿਨ੍ਹਾਂ ਨੂੰ ਸਿੱਖ ਕੌਮ ਦੀਆਂ ਮਰਿਯਾਦਾਵਾ, ਦਿਹਾੜਿਆ ਦੇ ਵੱਡੇ ਮਹੱਤਵ ਬਾਰੇ ਭਰਪੂਰ ਜਾਣਕਾਰੀ ਹੈ ਉਨ੍ਹਾਂ ਵੱਲੋ ਅਜਿਹੇ ਸਮੇ ਸਰਕਾਰੀ ਹੁਕਮਾਂ ਨੂੰ ਪ੍ਰਵਾਨ ਕਰਦੇ ਹੋਏ ਕੀਤੀਆ ਅਣਗਹਿਲੀਆ ਦਾ ਵੀ ਸਖਤ ਨੋਟਿਸ ਲੈਂਦੇ ਹੋਏ ਕਿਹਾ ਕਿ ਇਹ ਅਧਿਕਾਰੀ ਵੀ ਆਪਣੀਆ ਸਰਕਾਰੀ ਤੇ ਸਵਾਰਥੀ ਹਿੱਤਾ ਦੀ ਪੂਰਤੀ ਲਈ ਜੋ ਸਰਕਾਰ ਦੇ ਗੈਰ ਸਿਧਾਤਿਕ ਅਤੇ ਗੈਰ ਇਖਲਾਕੀ ਹੁਕਮਾਂ ਨੂੰ ਪ੍ਰਵਾਨ ਕਰਦੇ ਹਨ, ਉਹ ਵੀ ਉਪਰੋਕਤ ਭਗਵੰਤ ਮਾਨ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਤਰ੍ਹਾਂ ਸਿੱਖ ਕੌਮ ਦੀ ਕਚਹਿਰੀ ਵਿਚ ਦੋਸ਼ੀ ਹੋਣਗੇ । ਇਸ ਲਈ ਅਜਿਹੇ ਅਧਿਕਾਰੀਆ ਨੂੰ ਅਜਿਹੇ ਗੈਰ ਸਿਧਾਤਿਕ ਹੁਕਮਾਂ ਨੂੰ ਕਦਾਚਿਤ ਪ੍ਰਵਾਨ ਨਹੀ ਕਰਨਾ ਚਾਹੀਦਾ।



## ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਡੈਲੀਗੇਟ ਦੀ ਮੀਟਿੰਗ

# ਤਿੰਨ ਹਲਕਿਆਂ ਤੋਂ 12 ਡੈਲੀਗੇਟ ਸਟੇਟ ਵਿਚ ਕਰਨਗੇ ਜ਼ਿਲ੍ਹੇ ਦੀ ਪ੍ਰਤੀਨਿਧਤਾ








**ਫਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ)**-ਬੀਤੀ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੋਮਣੀ ਅਕਾਲੀ ਦਲ ਦੀ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਗਠਿਤ ਕਮੇਟੀ ਨੂੰ ਹਰੇਕ ਜ਼ਿਲ੍ਹੇ, ਸਟੇਟ ਤੇ ਦੇਸ਼ ਵਿਦੇਸ਼ 'ਚ ਸੰਗਤਾਂ ਤੱਕ ਪਹੁੰਚ ਕਰਕੇ ਨਵੇਂ ਸਿਰਿਉਂ ਸ੍ਰੋਮਣੀ ਅਕਾਲੀ ਦਲ ਦੀ ਭਰਤੀ ਕਰਨ ਦੇ ਦਿੱਤੇ ਆਦੇਸ਼ਾਂ ਅਨੁਸਾਰ ਪੰਜ ਮੈਂਬਰੀ ਕਮੇਟੀ ਆਰੰਭੀ ਗਈ ਭਰਤੀ ਪੂਰੀ ਹੋਣ 'ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਭਰਤੀ ਕਰਤਾ ਵਿਚੋਂ ਹਲਕਾ ਗੁਰੂਹਰਸਹਾਏ, ਫਿਰੋਜ਼ਪੁਰ ਦਿਹਾਤੀ, ਫਿਰੋਜ਼ਪੁਰ ਸ਼ਹਿਰੀ ਦੇ ਡੈਲੀਗੇਟ ਦੀ ਚੋਣ ਕਰਨ ਲਈ ਖਾਲਸਾ ਗੁਰਦੁਆਰਾ ਫਿਰੋਜ਼ਪੁਰ ਛਾਉਣੀ ਵਿਖੇ ਮੀਟਿੰਗ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਕੀਤੀ। ਮੀਟਿੰਗ ਦੌਰਾਨ ਸਰਕਲ, ਹਲਕਾ ਅਤੇ ਜ਼ਿਲ੍ਹਾ ਪੱਧਰ ਦੇ ਯੋਗ ਡੈਲੀਗੇਟਾਂ ਦੀ ਚੋਣ ਵਿਧੀ-ਵਿਧਾਨ ਅਨੁਸਾਰ ਕੀਤੀ ਗਈ। ਜਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਚਰਨਜੀਤ ਸਿੰਘ ਬਰਾੜ ਨੇ ਸਮੂਹ ਨਵੇਂ ਚੁਣੇ ਗਏ ਡੈਲੀਗੇਟਾਂ ਨੂੰ ਵਧਾਈ ਦਿੱਤੀ ਅਤੇ ਸਪੱਸ਼ਟ ਕੀਤਾ ਕਿ ਇਸ ਤੋਂ ਬਾਅਦ ਸੂਬਾ ਪੱਧਰੀ ਡੈਲੀਗੇਟਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਮੰਨਿਆ ਕਿ ਸਮੇਂ ਦੀ ਘਾਟ ਕਾਰਨ ਹਰ ਜਗ੍ਹਾ ਤੱਕ ਪਹੁੰਚ ਸੰਭਵ ਨਹੀਂ ਹੋ ਸਕੀ, ਪਰ ਸੰਗਤਾਂ ਦੇ ਮਨਾਂ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਦਾ ਉਤਸ਼ਾਹ ਭਰਿਆ ਹੋਇਆ ਹੈ। ਇਸ ਮੌਕੇ ਤਿੰਨ ਵਿਧਾਨ ਸਭਾ ਹਲਕਿਆਂ ਫਿਰੋਜ਼ਪੁਰ ਸ਼ਹਿਰੀ, ਫਿਰੋਜ਼ਪੁਰ ਦਿਹਾਤੀ ਅਤੇ ਗੁਰੂਹਰਸਹਾਏ ਤੋਂ ਡਾ. ਮੁਖਤਿਆਰ ਸਿੰਘ, ਦਵਿੰਦਰ ਸਿੰਘ ਸੇਖੋਂ, ਜਥੇਦਾਰ ਕਰਨੈਲ ਸਿੰਘ ਭਾਵੜਾ, ਜਸਪਾਲ ਸਿੰਘ ਖਾਨੇ ਕੇ ਅਹਿਲ, ਬਲਜਿੰਦਰ ਸਿੰਘ ਸਮੇਤ ਕੁੱਲ 12 ਡੈਲੀਗੇਟ ਚੁਣੇ ਗਏ, ਜੋ ਸਟੇਟ ਪੱਧਰ 'ਤੇ ਜ਼ਿਲ੍ਹੇ ਦੀ ਨੁਮਾਇੰਦਗੀ ਕਰਨਗੇ। ਇਸ ਮੀਟਿੰਗ ਵਿਚ ਸਮੂਹ ਸੰਗਤਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਲਈ ਆਪਣਾ ਵਡਮੁੱਲਾ ਯੋਗਦਾਨ ਪਾਉਣ ਦੀ ਅਪੀਲ ਵੀ ਕੀਤੀ ਗਈ। ਡੈਲੀਗੇਟਾਂ ਵਿੱਚ ਸੇਵਾ ਕਰਨ ਦਾ ਬਹੁਤ ਉਤਸ਼ਾਹ ਵੇਖਣ ਨੂੰ ਮਿਲਿਆ। ਇਸ ਮੀਟਿੰਗ ਵਿੱਚ ਸ਼ਾਮਲ ਪ੍ਰਮੁੱਖ ਵਿਅਕਤੀਆਂ ਵਿੱਚ ਜਥੇਦਾਰ ਕਰਨੈਲ ਸਿੰਘ ਭਾਵੜਾ, ਹਰਵਿੰਦਰਜੀਤ ਸਿੰਘ, ਤਰਲੋਕ ਸਿੰਘ ਵਿਕਾਸ ਵਿਹਾਰ, ਜਸਪਾਲ ਸਿੰਘ, ਬਲਜਿੰਦਰ ਸਿੰਘ, ਸਤਿਨਾਮ ਸਿੰਘ ਵਲੂਰ, ਸ਼ਿੰਗਾਰਾ ਸਿੰਘ ਲਾਲਚੀਆਂ, ਬਲਦੇਵ ਸਿੰਘ ਮਾਮੂਜੋਈਆ, ਹਰਦੇਵ ਸਿੰਘ ਹਾਮਿਦ, ਸਵਰਨ ਸਿੰਘ ਚੱਕਸੋਮੀਆ, ਰਣਜੀਤ ਸਿੰਘ ਸੁਰਸਿੰਘ, ਵਰਿੰਦਰਪਾਲ ਸਿੰਘ ਡੋਡੇ, ਭੋਪਿੰਦਰ ਸਿੰਘ ਫ਼ਿਰੋਜ਼ਪੁਰ ਸਿਟੀ ਅਤੇ ਅਮਰਜੀਤ ਸਿੰਘ ਭੂਰੇ ਕਲਾਂ ਸ਼ਾਮਲ ਸਨ।

## ਕਾਂਗਰਸ ਪਾਰਟੀ ਵੱਲੋਂ ਕੀਤੀ ਜਾ ਰਹੀ ਰਾਜ ਪੱਧਰੀ ਕਾਨਫਰੰਸ ਸਬੰਧੀ

# ਫੋਰ ਸੀਜਨ ਪੈਲਸ ਵਿੱਚ ਹੋਈ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ






**ਚੌਕ ਮਹਿਤਾ, 26 ਜੁਲਾਈ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਸ੍ਰੀ ਬਾਬਾ ਬਕਾਲਾ ਸਾਹਿਬ ਵਿਖੇ ਸਾਚਾ ਗੁਰ ਲਾਧੋ ਰੇ ਦਿਵਸ ਅਤੇ (ਰੱਖੜ ਪੁੰਨਿਆ) ਦੇ ਮੇਲੇ ਦੇ ਸਬੰਧ ਵਿੱਚ ਕਾਂਗਰਸ ਪਾਰਟੀ ਵੱਲੋਂ ਕੀਤੀ ਜਾ ਰਹੀ ਰਾਜ ਪੱਧਰੀ ਕਾਨਫਰੰਸ ਸਬੰਧੀ ਅੱਜ ਫੋਰ ਸੀਜਨ ਪੈਲਸ ਵਿੱਚ ਸਾਬਕਾ ਮੈਂਬਰ ਆਫ ਪਾਰਲੀਮੈਂਟ ਜਸਬੀਰ ਸਿੰਘ ਗਿੱਲ ਡਿੰਪਾ ਦੀ ਰਹਿਨੁਮਾਈ ਹੇਠ ਮੀਟਿੰਗ ਹੋਈ । ਇਸ ਮੌਕੇ ਅੰਮ੍ਰਿਤਸਰ ਜ਼ਿਲਾ ਦਿਹਾਤੀ ਪ੍ਰਧਾਨ ਹਰਪ੍ਰਤਾਪ ਸਿੰਘ ਅਜਨਾਲਾ, ਭਗਵੰਤਪਾਲ ਸਿੰਘ ਸੱਚਰ, ਅੰਮ੍ਰਿਤਸਰ ਜ਼ਿਲਾ ਸ਼ਹਿਰੀ ਪ੍ਰਧਾਨ ਅਸ਼ਵਨੀ ਕੁਮਾਰ ਪੱਪੂ ਵੀ ਪਹੁੰਚੇ। ਇਸ ਮੀਟਿੰਗ ਵਿੱਚ ਵੱਖ ਵੱਖ ਪਿੰਡ ਦੇ ਸਰਪੰਚ, ਪੰਚ ਅਤੇ ਵੱਖ ਵੱਖ ਅਹੁਦੇਦਾਰ ਵੀ ਆਪਣੇ ਸਾਥੀਆ ਸਮੇਤ ਪਹੁੰਚੇ ਜਿੱਥੇ ਕਿ ਇਹ ਮੀਟਿੰਗ ਰੈਲੀ ਦਾ ਰੂਪ ਧਾਰਨ ਕਰ ਗਈ। ਹਲਕਾ ਬਾਬਾ ਬਕਾਲਾ ਸਾਹਿਬ ਦੇ ਯੂਥ ਕਾਂਗਰਸ ਦੇ ਵਾਇਸ ਪ੍ਰਧਾਨ ਐਡਵੋਕੇਟ ਪ੍ਰਵੀਨਪਾਲ ਸਿੰਘ ਭਲਾਈਪੁਰ ਨੇ ਵੀ ਸਾਥੀਆ ਸਮੇਤ ਹਾਜ਼ਰੀ ਭਰੀ। ਇਸ ਮੌਕੇ ਹੋਰਨਾ ਤੋ ਇਲਾਵਾ ਸਾਬਕਾ ਸਰਪੰਚ ਜਗੀਰ ਸਿੰਘ ਭਲਾਈਪੁਰ, ਸੁਖਵਿੰਦਰ ਸਿੰਘ ਗਿੱਲ, ਜਸਵੰਤ ਸਿੰਘ ਮੈਂਬਰ ਪੰਚਾਇਤ, ਅਵਤਾਰ ਸਿੰਘ ਜੈਲਦਾਰ, ਅੰਮ੍ਰਿਤਪਾਲ ਸਿੰਘ, ਗੁਰਪਿੰਦਰ ਸਿੰਘ ਗੋਰਾ ਦੁਬਈ ਵਾਲੇ, ਬਾਬਾ ਕੁਲਵੰਤ ਸਿੰਘ, ਹਰਜਿੰਦਰ ਸਿੰਘ ਫੌਜੀ, ਜਗਤਾਰ ਸਿੰਘ, ਪ੍ਰਗਟ ਸਿੰਘ, ਬਲਵਿੰਦਰ ਸਿੰਘ ਬਿਜਲੀ ਵਾਲੇ , ਹਰਜੀਤ ਸਿੰਘ ਗੋਰਾ ਭਲਾਈਪੁਰ, ਅਮਰਜੀਤ ਸਿੰਘ, ਗੁਰਬਾਜ ਸਿੰਘ, ਬਲਵਿੰਦਰ ਸਿੰਘ ਸਾਬਕਾ ਮੈਂਬਰ ਪੰਚਾਇਤ, ਬਲਕਾਰ ਸਿੰਘ ਰਈਆ, ਹਰਵੰਤ ਸਿੰਘ ਭਲਾਈਪੁਰ, ਵਿਸ਼ਾਲ ਸਿੰਘ, ਅਕਾਸ਼ਦੀਪ ਸਿੰਘ, ਅਰਸ਼ਦੀਪ ਸਿੰਘ, ਜਸ਼ਨਦੀਪ ਸਿੰਘ, ਅਮਨਦੀਪ ਸਿੰਘ, ਜਸਕਰਨਦੀਪ ਸਿੰਘ, ਗੁਰਸ਼ਰਨਦੀਪ ਸਿੰਘ, ਅਕਾਸ਼ਦੀਪ ਸਿੰਘ ਅਤੇ ਹਰਮਨਦੀਪ ਸਿੰਘ ਆਦਿ ਹਾਜ਼ਰ ਸਨ।

# ਅਮਨਦੀਪ ਹਸਪਤਾਲ ਵਲੋਂ 29 ਜੁਲਾਈ ਨੂੰ ਮੁਫ਼ਤ ਫਾਈਬਰੋ ਸਕੈਨ ਟੈਸਟ ਕੈਂਪ ਦਾ ਆਯੋਜਨ




ਫਿਰੋਜ਼ਪੁਰ 26 ਜੁਲਾਈ (ਮਨੋਹਰ ਲਾਲ): ਜਨ ਸੇਵਾ ਦੀ ਭਾਵਨਾ ਅਧੀਨ, ਅਮਨਦੀਪ ਹਸਪਤਾਲ, ਮੋਗਾ ਰੋਡ, ਫਿਰੋਜ਼ਪੁਰ ਵਲੋਂ 29 ਜੁਲਾਈ 2025 (ਸੋਮਵਾਰ) ਨੂੰ ਇੱਕ ਵਿਸ਼ੇਸ਼ ਫਾਈਬਰੋ ਸਕੈਨ ਟੈਸਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਹ ਟੈਸਟ ਆਮ ਤੌਰ 'ਤੇ 4000 ਵਿਚ ਹੁੰਦਾ ਹੈ ਪਰ ਇਸ ਵਿਸ਼ੇਸ਼ ਕੈਂਪ ਵਿਚ ਇਹ ਮੁਫ਼ਤ ਕੀਤਾ ਜਾਵੇਗਾ। ਇਹ ਟੈਸਟ ਜਿਗਰ ਦੀ ਸੋਜ ਅਤੇ ਬਿਮਾਰੀ ਦੀ ਸ਼ੁਰੂਆਤੀ ਪਹਿਚਾਣ ਲਈ ਕੀਤਾ ਜਾਂਦਾ ਹੈ। ਪੇਟ ਅਤੇ ਜਿਗਰ ਨਾਲ ਸੰਬੰਧਤ ਮਰੀਜ਼ ਇਸ ਕੈਂਪ ਦਾ ਲਾਭ ਜ਼ਰੂਰ ਲੈਣ। ਇਸ ਮੌਕੇ ਗੈਸਟਰੋ ਅਤੇ ਲਿਵਰ ਵਿਸ਼ੇਸ਼ਿਗਆ ਡਾ. ਅਰਸ਼ਦ ਇਕਬਾਲ ਕਾਦਰੀ ਵੀ ਹਾਜ਼ਰ ਹੋਣਗੇ, ਜੋ ਮਰੀਜ਼ਾਂ ਨੂੰ ਮੁਫ਼ਤ ਵਿਸ਼ੇਸ਼ਿਗਆ ਸਲਾਹ ਦੇਣਗੇ। ਡਾ. ਅਰੋੜਾ ਨੇ ਇਹ ਵੀ ਕਿਹਾ ਕਿ ਟੈਸਟ ਤੋਂ ਘੱਟੋ-ਘੱਟ 2 ਤੋਂ 3 ਘੰਟੇ ਪਹਿਲਾਂ ਤੱਕ ਕੁਝ ਨਾ ਖਾਇਆ ਜਾਵੇ, ਤਾਂ ਜੋ ਨਤੀਜੇ ਸਹੀ ਆ ਸਕਣ। ਕੈਂਪ ਦਾ ਸਮਾਂ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਰਹੇਗਾ।

# ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਮੈਂਗੋ ਦਿਨ ਮਨਾਇਆ ਗਿਆ



**ਫਿਰੋਜ਼ਪੁਰ, 26 ਜੁਲਾਈ (ਮਨੋਹਰ ਲਾਲ)**-ਸ੍ਰੀ ਮਾਨ ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਵਾਲੇ ਮੁਖੀ ਦਮਦਮੀ ਟਕਸਾਲ ਜੀ ਦੀ ਰਹਿਨੁਮਾਈ ਹੇਠ ਚੱਲ ਰਹੇ ਸੰਤ ਕਰਤਾਰ ਸਿੰਘ ਮੈਮੋਰੀਅਲ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਵਿੱਚ ਛੋਟੇ ਛੋਟੇ ਵਿਦਿਆਰਥੀਆਂ ਵੱਲੋਂ ਮੈਂਗੋ ਦਿਨ ਮਨਾਇਆ ਗਿਆ ਇਸ ਸਮੇਂ ਵਿਦਿਆਰਥੀਆਂ ਵਿੱਚ ਬੜਾਂ ਉਤਸ਼ਾਹ ਦੇਖਿਆ ਗਿਆ ਵਿਦਿਆਰਥੀਆਂ ਵੱਲੋਂ ਪੇਂਟਿੰਗ ਅਤੇ ਅੰਬਾ ਦੇ ਬੂਟਿਆਂ ਅਤੇ ਅੰਬਾ ਦੀ ਚਿੱਤਰਕਾਰੀ ਕੀਤੀ ਗਈ ਸਕੂਲ ਪ੍ਰਿੰਸੀਪਲ ਮੈਡਮ ਜਸਪ੍ਰੀਤ ਕੌਰ ਅਤੇ ਭਾਈ ਵੀਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਅੰਬਾਂ ਦੇ ਗੁਣਾ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅੰਬ ਦਾ ਫਲ ਇੱਕ ਛੋਟੇ ਬੱਚੇ ਤੋਂ ਲੈ ਕੇ ਵਡੇਰੀ ਉਮਰ ਦੇ ਇਨਸਾਨ ਨੂੰ ਵੀ ਲਲਚਾਉਂਦਾ ਹੈ ਔਰ ਹਰ ਕਿਸੇ ਦੇ ਮਨ ਪਸੰਦ ਫਰੂਟਾਂ ਵਿੱਚੋਂ ਇੱਕ ਹੈ ਅਤੇ ਲੋਕ ਇਸ ਨੂੰ ਮੌਸਮ ਦੇ ਮੁਤਾਬਿਕ ਬਹੁਤ ਖਾਣਾ ਪਸੰਦ ਕਰਦੇ ਹਨ ਕਿਉਂਕਿ ਬੱਚਿਆਂ ਦਾ ਪਸੰਦੀਦਾ ਫਲ ਅੰਬ ਹੁੰਦਾ ਹੈ ਇਸ ਮੌਕੇ ਵਿਦਿਆਰਥੀਆਂ ਵੱਲੋਂ ਅੰਬ ਦੇ ਫ਼ਲ ਤੇ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਇਸ ਦਿਨ ਨੂੰ ਬੜੇ ਸੁਚੱਜੇ ਢੰਗ ਨਾਲ ਮਨਾਇਆ ਗਿਆ।

# ਸਾਉਣ ਦਾ ਮਹੀਨਾ

ਸਾਵਣ ਦਾ ਮਹੀਨਾ ਲੰਘ ਚੱਲਿਆ ਭਾਦੋਂ ਭੱਜੀ ਆਉਂਦੀ ਐ।
ਪ੍ਰਦੇਸ ਵਸੇਂਦਿਆ ਸੱਜਣਾ ਵੇ ਤੇਰੀ ਯਾਦ ਸਤਾਉਂਦੀ ਐ ।
ਦੂਰ ਵਸੇਂਦਿਆ ਸੱਜਣਾ ਵੇ ਜਿੰਦ ਸਾਡੀ ਤਰਲੇ ਪਾਉਂਦੀ ਐ।

ਨਾ ਤੂੰ ਖ਼ੁਦ ਆਇਆ ਨਾ ਹੀ ਸਾਨੂੰ ਕੋਲ਼ ਬੁਲਾਇਆ ਵੇ ।
ਵਾਅਦੇ ਜੋ ਵੀ ਕਰੇ ਸੀ ਇੱਕ ਨਾ ਪੂਰ ਚੜ੍ਹਾਇਆ ਵੇ ।
ਜਿੰਦ ਜੋਬਨ ਵਾਲ਼ੀ ਰੁੱਤ ਵਿੱਚ ਵੀ ਜਾਂਦੀ ਮੁਰਝਾਉਂਦੀ ਐ ।

ਸਾਡੇ ਤਨ ਤੇ ਮਨ ਦੀਆਂ ਸੱਧਰਾਂ ਹੋ 'ਗੀਆਂ ਲੀਰਾਂ ਲੀਰਾਂ ਵੇ ।
ਅਸੀਂ ਦਿਲ ਦੇ ਰਾਜੇ ਹੋ ਕੇ ਬਹਿ ਗਏ ਵਾਂਗ ਫਕੀਰਾਂ ਵੇ ।
ਕੀ ਕਰਾਂ ਕਿੱਧਰ ਨੂੰ ਜਾਵਾਂ ਰੱਤਾ ਵੀ ਸਮਝ ਨਾ ਆਉਂਦੀ ਐ।

ਦੱਸ ਭਲਾਂ ਕੀ ਪੌਂਡਾਂ ਨੂੰ ਕਰਨਾ ਕੋਲ਼ ਜੇ ਹਾਣੀ ਨਾ ਹੋਵੇ ।
ਕੀ ਨੇ ਡਾਲਰ ਧੋ ਧੋ ਪੀਣੇਂ ਵਸਲ ਦਾ ਪਾਣੀ ਨਾ ਹੋਵੇ ।
ਸੀਨਾਂ ਭੱਠੀਆਂ ਵਾਂਗੂੰ ਤਪਦਾ ਏ ਨਾਲ਼ੇ ਰੂਹ ਕੁਰਲਾਉਂਦੀ ਐ।

ਤੇਰਾ ਪੱਗ ਵੱਟ ਦੋਸਤ ਰੁਲ਼ਦੂ ਰੋਜ਼ ਆ ਮੱਥਾ ਟੇਕੇ ਵੇ ।
ਤੇਰੀ ਮਾਂ ਨਾਲ਼ ਗੱਲਾਂ ਕਰਦਾ ਵੀ ਮੇਰੇ ਵੱਲ ਵੇਖੇ ਵੇ ।
ਇੱਕ ਪੀੜ ਅਵੱਲੀ ਨਿੱਤ ਨਵਾਂ ਕੋਈ ਗੀਤ ਲਿਖਾਉਂਦੀ ਐ।

ਤੇਰਾ ਪਿੰਡ ਰੰਚਣਾਂ ਤੇਰੇ ਬਿਨਾਂ ਹੈ ਸੁੰਨਾਂ ਜਾਪਦਾ ਵੇ ।
ਐਨਾ ਡੰਡ ਦਿੱਤਾ ਤੂੰ ਸਾਨੂੰ ਦੱਸ ਦੇ ਕਿਹੜੇ ਪਾਪ ਦਾ ਵੇ ।
ਤੈਨੂੰ ਸੁਪਨੇ ਵਿੱਚ ਨਿੱਤ ਵਾਜਾਂ ਮਾਰ ਤੇਰੀ ਜਾਨ ਬੁਲਾਉਂਦੀ ਐ।

**-ਮੂਲ ਚੰਦ ਸ਼ਰਮਾ, 99148 36037**

ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਪ੍ਰੋਗਰਾਮਾਂ ਲਈ

# ਤਖ਼ਤ ਪਟਨਾ ਸਾਹਿਬ ਕਮੇਟੀ ਅਤੇ ਦਿੱਲੀ ਕਮੇਟੀ ਦੇ ਨੁਮਾਇੰਦਾ ਵਫ਼ਦ ਵਿਚਾਲੇ ਅਹਿਮ ਮੀਟਿੰਗ



**ਨਵੀਂ ਦਿੱਲੀ, 26 ਜੁਲਾਈ (ਮਨਪ੍ਰੀਤ ਸਿੰਘ ਖਾਲਸਾ)**:- ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਵੱਡੇ ਪੱਧਰ ‘ਤੇ ਮਨਾਉਣ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਿਆਰੀਆਂ ਜ਼ੋਰਾਂ ‘ਤੇ ਚੱਲ ਰਹੀਆਂ ਹਨ। ਇਸੇ ਸੰਦਰਭ ਵਿਚ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਤਿੰਨ ਮੈਂਬਰੀ ਨੁਮਾਇੰਦਾ ਵਫ਼ਦ ਤਖ਼ਤ ਪਟਨਾ ਸਾਹਿਬ ਪਹੁੰਚਿਆ ਅਤੇ ਉਨ੍ਹਾਂ ਨੇ ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨਾਲ ਅਹਿਮ ਮੀਟਿੰਗ ਕੀਤੀ। ਵਫਦ ਵਿਚ ਇੰਦਰਪ੍ਰੀਤ ਸਿੰਘ ਮੌਂਟੀ ਕੋਛੜ, ਜਸਪ੍ਰੀਤ ਸਿੰਘ ਵਿਕੀ ਮਾਨ ਅਤੇ ਸੁਦੀਪ ਸਿੰਘ ਸ਼ਾਮਿਲ ਸਨ। ਉਨ੍ਹਾਂ ਨੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਦੇਵ ਸਿੰਘ ਨਾਲ ਮੁਲਾਕਾਤ ਕੀਤੀ। ਜਥੇਦਾਰ ਸਾਹਿਬ ਵੱਲੋਂ ਉਨ੍ਹਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ‘ਤੇ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ ਅਤੇ ਗਿਆਨੀ ਗੁਰਦਿਆਲ ਸਿੰਘ ਵੀ ਮੌਜੂਦ ਸਨ। ਵਫ਼ਦ ਨਾਲ ਹੋਈ ਮੀਟਿੰਗ ਦੌਰਾਨ ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਜਗਜੋਤ ਸਿੰਘ ਸੋਹੀ, ਸਕੱਤਰ ਹਰਬੰਸ ਸਿੰਘ, ਧਰਮ ਪ੍ਰਚਾਰ ਚੇਅਰਮੈਨ ਮਹਿੰਦਰਪਾਲ ਸਿੰਘ ਢਿੱਲੋਂ, ਮੈਂਬਰ ਰਾਜਾ ਸਿੰਘ, ਹਰਪਾਲ ਸਿੰਘ ਜੋਹਲ, ਸੁਪਰਿੰਟੈਂਡੈਂਟ ਦਲਜੀਤ ਸਿੰਘ, ਮੈਨੇਜਰ ਹਰਜੀਤ ਸਿੰਘ, ਪਪੀਦਰ ਸਿੰਘ, ਦਲੀਪ ਸਿੰਘ ਪਟੇਲ ਸ਼ਾਮਲ ਸਨ। ਮੀਟਿੰਗ ਤੋਂ ਬਾਅਦ ਸ੍ਰੀ ਜਗਜੋਤ ਸਿੰਘ ਸੋਹੀ ਅਤੇ ਇੰਦਰਪ੍ਰੀਤ ਸਿੰਘ ਮੌਂਟੀ ਕੋਛੜ ਨੇ ਜਾਣਕਾਰੀ ਦਿੱਤੀ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਭੇਜੇ ਨੁਮਾਇੰਦੇ ਵਫ਼ਦ ਨਾਲ ਮੀਟਿੰਗ ‘ਚ ਇਹ ਫੈਸਲਾ ਲਿਆ ਗਿਆ ਹੈ ਕਿ ਤਖ਼ਤ ਪਟਨਾ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਕੱਢਿਆ ਜਾਵੇਗਾ, ਜੋ ਕਿ 23 ਨਵੰਬਰ ਨੂੰ ਦਿੱਲੀ ਦੇ ਲਾਲ ਕਿਲੇ ਵਿਖੇ ਸਮਾਪਤ ਹੋਏਗਾ। ਨਗਰ ਕੀਰਤਨ ਵਿੱਚ ਗੁਰੂ ਸਾਹਿਬਾਨ ਦੇ ਰੂਪ ਦੇ ਨਾਲ ਨਾਲ ਪੁਰਾਤਨ ਸ਼ਸਤਰ ਵੀ ਹੋਣਗੇ, ਜਿਨ੍ਹਾਂ ਦੇ ਦਰਸ਼ਨ ਸੰਗਤ ਕਰ ਸਕੇਗੀ। ਨਾਲ ਹੀ ਸ਼ਬਦ ਕੀਰਤਨ ਦੀ ਸੇਵਾ ਲਈ ਰਾਗੀ ਜਥੇ ਤੇ ਪ੍ਰਚਾਰਕ ਵੀ ਹੋਣਗੇ। ਉਨ੍ਹਾਂ ਦੱਸਿਆ ਕਿ ਨਗਰ ਕੀਰਤਨ ਤਖ਼ਤ ਪਟਨਾ ਸਾਹਿਬ ਤੋਂ ਚਲ ਕੇ ਰਾਜਗੀਰ, ਗਯਾ, ਸਾਸਾਰਾਮ, ਬਨਾਰਸ, ਪ੍ਰਯਾਗਰਾਜ, ਕਾਨਪੁਰ, ਲਖਨਉ, ਆਗਰਾ ਰਾਹੀਂ ਹੋਂਦਿਆ ਹੋਇਆ ਦਿੱਲੀ ਦੇ ਲਾਲ ਕਿਲੇ ’ਤੇ ਸਮਾਪਤ ਹੋਏਗਾ।

ਆਵਾਜ਼ਿ ਕੌਮ AWAZE QAUM International Newspaper & WEB TV

**ਤਖ਼ਤ ਪਟਨਾ ਸਾਹਿਬ ਤੋਂ 16 ਨਵੰਬਰ ਨੂੰ ਨਿਕਲੇਗਾ ਦਿੱਲੀ ਲਈ ਨਗਰ ਕੀਰਤਨ: ਮੌਂਟੀ ਕੌਛੜ**

ਮਰਿਆਦਾ ਦਾ ਪਾਠ ਪੜਾਉਣ ਵਾਲੇ

# ਕਿਰਦਾਰ ਅਤੇ ਅਸੂਲਾਂ ਪੱਖੋਂ ਹੌਲੇ ਸਾਬਤ ਹੋਏ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਸਿੱਖ ਪੰਥ ਦੇ ਇਤਿਹਾਸ ਵਿੱਚ ਮਰਿਆਦਾ ਦੀ ਪਾਲਣਾ ਸਾਡੀ ਸਭ ਤੋਂ ਵੱਡੀ ਤਾਕਤ ਅਤੇ ਪਹਿਚਾਣ ਰਹੀ ਹੈ। ਦੁਖ ਦੀ ਗੱਲ ਹੈ ਕਿ ਹਾਲ ਹੀ ਵਿੱਚ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ, ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਅਤੇ ਬਾਦਲ ਪਰਿਵਾਰ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਬਣਾਏ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਤਾਜਪੋਸ਼ੀ ਦੀਆਂ ਘਟਨਾਵਾਂ ਨੇ ਪੰਥਕ ਰਵਾਇਤਾਂ ਅਤੇ ਮਰਿਆਦਾ ਬਾਰੇ ਗੰਭੀਰ ਚਿੰਤਾਵਾਂ ਅਤੇ ਸਵਾਲ ਪੈਦਾ ਕੀਤੇ ਹਨ।

ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਵੱਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਕੀਤੇ ਗਏ ਸਨਮਾਨ ’ਤੇ ਟਿੱਪਣੀ ਕਰਦਿਆਂ ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਕੀ ਇਹ ਸਨਮਾਨ ਕਿਸੇ ਦਬਾਅ ਅਧੀਨ ਕੀਤਾ ਗਿਆ? ਕਿਉਂਕਿ ਪੰਜ ਮਹੀਨੇ ਪਹਿਲਾਂ ਗਿਆਨੀ ਰਘਬੀਰ ਸਿੰਘ ਨੇ ਗਿਆਨੀ ਗੜਗੱਜ ਦੀ ਚੋਰੀ-ਛੁਪੇ ਰਸਮਾਂ ਨਾਲ ਤਾਜਪੋਸ਼ੀ ਕੀਤੇ ਜਾਣ ਨੂੰ ਖ਼ੁਦ ਮਰਿਆਦਾ ਦੀ ਖੁੱਲ੍ਹੀ ਉਲੰਘਣਾ ਕਰਾਰ ਦਿੱਤਾ ਸੀ। ਉਹਨਾਂ ਇਹ ਵੀ ਕਿਹਾ ਸੀ ਕਿ ਜਦੋਂ ਕਿਸੇ ਜਥੇਦਾਰ ਦੀ ਬੇਨਿਯਮੀ ਨਾਲ ਤਾਜਪੋਸ਼ੀ ਹੁੰਦੀ ਹੈ, ਤਾਂ ਪੰਥ ਵਿੱਚ ਰੋਸ ਉੱਠਣਾ ਸੁਭਾਵਿਕ ਹੈ। ਉਨ੍ਹਾਂ ਮਰਿਆਦਾ ਦੀ ਗੱਲ ਕਰਦਿਆਂ ਕਿਹਾ ਸੀ ਕਿ ਜਦੋਂ ਕਿਸੇ ਜਥੇਦਾਰ ਦੀ ਨਿਯੁਕਤੀ ਹੁੰਦੀ ਹੈ ਤਾਂ ਉਨ੍ਹਾਂ ਦੀ ਤਾਜਪੋਸ਼ੀ ਬੜੇ ਹੀ ਸਤਿਕਾਰ ਨਾਲ ਕੀਤੀ ਜਾਂਦੀ ਹੈ। ਪਹਿਲਾਂ ਇਸ ਬਾਰੇ ਅਖ਼ਬਾਰਾਂ ਵਿਚ ਇਸ਼ਤਿਹਾਰ ਦਿੱਤੇ ਜਾਂਦੇ ਹਨ ਅਤੇ ਬਾਅਦ ਵਿਚ ਨਿਹੰਗ ਸਿੰਘ ਜਥੇਬੰਦੀਆਂ, ਟਕਸਾਲਾਂ, ਸੰਪਰਦਾਵਾਂ ਅਤੇ ਸੰਤ ਮਹਾਂਪੁਰਖ ਉਦਾਸੀ ਨਿਰਮਲੇ ਸਾਰਿਆਂ ਨੂੰ ਸੁਨੇਹੇ ਭੇਜੇ ਜਾਂਦੇ ਹਨ ਕਿ ਇਸ ਜਗ੍ਹਾ ਦੇ ਉੱਪਰ ਜਥੇਦਾਰ ਸਾਹਿਬ ਦੀ ਤਾਜਪੋਸ਼ੀ ਕੀਤੀ ਜਾਣੀ ਹੈ। ਉਸ ਥਾਂ ਬਕਾਇਦਾ ਗੁਰੂ ਜੀ ਦੀ ਹਜ਼ੂਰੀ ਵਿਚ ਗੁਰਮਤਿ ਸਮਾਗਮ ਹੁੰਦਾ ਹੈ ਅਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਜਥੇਦਾਰ ਸਾਹਿਬ ਦਾ ਤਾਜਪੋਸ਼ੀ ਸਮਾਗਮ ਹੁੰਦਾ ਹੈ। ਉਨ੍ਹਾਂ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਜੀ ਦੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਿਯੁਕਤੀ ਨੂੰ ਚੁਨੌਤੀ ਦਿੱਤੀ ਅਤੇ ਕਿਹਾ ਸੀ ਕਿ ਚੋਰੀ-ਛੁਪੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਤੋਂ ਬਿਨਾਂ ਹੀ ਉੱਥੇ ਪਾਲਕੀ ਸਾਹਿਬ ਨੂੰ ਮੱਥਾ ਟੇਕਣਾ ਜਦੋਂ ਕਿ ਉਸ ਸਮੇਂ ਸ਼ਸਤਰ ਵੀ ਸੁਭਾਏਮਾਨ ਨਹੀਂ ਸਨ, ਜੋ ਇਹ ਮਰਿਆਦਾ ਦੀ ਬਹੁਤ ਵੱਡੀ ਉਲੰਘਣਾ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪੰਜ ਮਹੀਨਿਆਂ ਵਿੱਚ ਮਰਿਆਦਾ ਵਿੱਚ ਕਿਹੜੀ ਤਬਦੀਲੀ ਆਈ ਕਿ ਉਹੀ ਵਿਅਕਤੀ, ਜਿਸ ਦੀ ਨਿਯੁਕਤੀ ਨੂੰ ਗਿਆਨੀ ਰਘਬੀਰ ਸਿੰਘ ਨੇ ਗ਼ਲਤ ਕਰਾਰ ਦਿੱਤਾ ਸੀ, ਅੱਜ ਸਿਰੋਪੇ ਨਾਲ ਸਨਮਾਨਿਤ ਹੋ ਗਿਆ? ਕੀ ਇਹ ਦੋਹਰਾ ਮਾਪਦੰਡ ਪੰਥ ਵਾਸਤੇ ਕਬੂਲ ਯੋਗ ਹੈ? ਸਿੰਘ ਸਾਹਿਬਾਨ ਵੱਲੋਂ ਗਿਆਨੀ ਗੜਗੱਜ ਨੂੰ ਸਨਮਾਨ ਦੇਣਾ ਪੰਥਕ ਸਿਧਾਂਤਾਂ ਨਾਲ ਧੋਖਾ ਅਤੇ ਮਰਿਆਦਾ ਨਾਲ ਖਿਲਵਾੜ ਨਹੀਂ ਹੈ। ਜਿਨ੍ਹਾਂ ਨੇ ਸੰਗਤ ਨੂੰ ਮਰਿਆਦਾ ਦਾ ਪਾਠ ਪੜਾਉਣਾ ਸੀ, ਅੱਜ ਉਹ ਖ਼ੁਦ ਕਿਰਦਾਰ ਅਤੇ ਅਸੂਲਾਂ ਪੱਖੋਂ ਹੌਲੇ ਸਾਬਤ ਹੋਏ ਹਨ।

ਸਿੱਖ ਕੌਮ ਦੇ ਸਾਹਮਣੇ ਕੁਝ ਸਪਸ਼ਟ ਸਵਾਲ ਹਨ ਕਿ ਜਿਹੜਾ ਵਿਅਕਤੀ ਕੱਲ੍ਹ ਮਰਿਆਦਾ ਦੀ ਉਲੰਘਣਾ ਦੇ ਖ਼ਿਲਾਫ਼ ਖ਼ੁਦ ਬੋਲ ਰਿਹਾ ਸੀ, ਉਹ ਅੱਜ ਉਸੇ ਵਿਅਕਤੀ ਨੂੰ ਸਨਮਾਨਿਤ ਕਰਕੇ ਕਿਹੜੀ ਮਰਿਆਦਾ ਦੀ ਪਾਲਣਾ ਕਰ ਰਿਹਾ ਹੈ?

ਕੀ ਪੰਥ ਦੀਆਂ ਰਵਾਇਤਾਂ ਕੁਝ ਲੋਕਾਂ ਦੀ ਸੁਵਿਧਾ ਅਨੁਸਾਰ ਤੋੜੀਆਂ-ਮੋੜੀਆਂ ਜਾ ਸਕਦੀਆਂ ਹਨ? ਜੇਕਰ ਗਿਆਨੀ ਰਘਬੀਰ ਸਿੰਘ ਕੋਲ ਇਸ ਬਦਲਾਅ ਦਾ ਕੋਈ ਜਾਇਜ਼ ਕਾਰਨ ਨਹੀਂ, ਤਾਂ ਕੀ ਉਹ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਪਦ ’ਤੇ ਕਾਇਮ ਰਹਿਣ ਦਾ ਨੈਤਿਕ ਅਧਿਕਾਰ ਰੱਖਦੇ ਹਨ?

ਪੰਥ ਦੇ ਹਿੱਤ ਵਿੱਚ ਮਰਿਆਦਾ ਨਾਲ ਖਿਲਵਾੜ ਕਰਨ ਵਾਲਿਆਂ ਲਈ ਪੰਥ ਵਿੱਚ ਕੋਈ ਥਾਂ ਨਹੀਂ ਹੋਣੀ ਚਾਹੀਦੀ। ਮਰਿਆਦਾ ਦੀਆਂ ਉਲੰਘਣਾਵਾਂ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਸਿੱਖ ਕੌਮ ਸਾਹਮਣੇ ਸਪਸ਼ਟੀਕਰਨ ਦੇਣਾ ਲਾਜ਼ਮੀ ਹੈ।

ਮੈਂ ਸਿੱਖ ਜਥੇਬੰਦੀਆਂ, ਟਕਸਾਲਾਂ ਅਤੇ ਸਾਰੀ ਸੰਗਤ ਨੂੰ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਪੰਥਕ ਰਵਾਇਤਾਂ ਦੀ ਰੱਖਿਆ ਲਈ ਤੁਰੰਤ ਕਦਮ ਚੁੱਕੇ ਜਾਣ ਦੀ ਮੈਂ ਅਪੀਲ ਕਰਦਾ ਹਾਂ।

ਆਵਾਜ਼ਿ ਕੌਮ AWAZE QAUM International Newspaper & WEB TV

**ਕੀ ਪੰਜ ਮਹੀਨਿਆਂ ’ਚ ਮਰਯਾਦਾ ਅਤੇ ਰਵਾਇਤਾਂ ਤਾਂ ਕੋਈ ਵੱਡੀ ਤਬਦੀਲੀ ਆਈ ਹੈ ?**

## ਮਾਂ



ਮਾਂ ਜ਼ਿੰਦਗੀ ਦਾ ਮਿੱਠਾ ਅਨੁਭਵ ਹੈ। ਮਾਂ ਸਾਡੀ ਜ਼ਿੰਦਗੀ ਦੀ ਪਹਿਲੀ ਲੋੜ ਹੈ। ਸਾਡੀ ਜ਼ਿੰਦਗੀ ਦੀ ਸ਼ੁਰੂਆਤ ਮਾਂ ਸ਼ਬਦ ਤੋਂ ਹੁੰਦੀ ਹੈ। ਮਾਂ ਤੋਂ ਬਿਨਾਂ ਬੱਚੇ ਦਾ ਜੀਵਨ ਨੀਰਸ, ਬੇਰੰਗ ਅਤੇ ਨਿਰਾਸ਼ਾ ਭਰਿਆ ਹੁੰਦਾ ਹੈ। ਬੱਚਾ ਆਪਣੀ ਮਾਂ ਦੇ ਵਿਚਾਰ ਗ੍ਰਹਿਣ ਕਰਕੇ ਹੀ ਆਪਣੀ ਜ਼ਿੰਦਗੀ ਦੇ ਰਾਹ ਤੇ ਤੁਰਦਾ ਹੈ। ਮਾਂ ਆਪਣੇ ਬੱਚੇ ਨੂੰ ਬੇਗਰਜ਼ ਪਿਆਰ ਕਰਦੀ ਹੈ। ਬੱਚੇ ਨੂੰ ਹਰ ਖਤਰੇ ਤੋਂ ਬਚਾਉਣ ਦਾ ਯਤਨ ਕਰਦੀ ਹੈ। ਉਸਦਾ ਦੁੱਖ ਉਹ ਆਪ ਝੱਲਣਾ ਚਾਹੁੰਦੀ ਹੈ। ਜਦੋਂ ਬੱਚੇ ਨੂੰ ਥੋੜੀ ਜਿਹੀ ਤਕਲੀਫ ਹੁੰਦੀ ਹੈ ਤਾਂ ਮਾਂ ਦੀ ਜਾਨ ਮੁੱਠੀ ਵਿੱਚ ਆ ਜਾਂਦੀ ਹੈ। ਮਾਂ ਲਈ ਬੱਚੇ ਇੱਕੋ ਜਿਹੇ ਹੁੰਦੇ ਹਨ। ਚਾਹੇ ਉਹ ਲੜਕਾ ਹੋਵੇ ਜਾਂ ਲੜਕੀ ਹੋਵੇ। ਬੇਸ਼ਕ ਸਾਡੇ ਸਮਾਜ ਵਿੱਚ ਭਾਵੇਂ ਲੜਕੀਆਂ ਦੇ ਜਨਮ ਉੱਪਰ ਦੁੱਖ ਪ੍ਰਗਟ ਕੀਤਾ ਜਾਂਦਾ ਹੈ ਅਤੇ ਲੜਕੇ ਦੇ ਜਨਮ ਉੱਪਰ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਨਾਚ ਗਾਣੇ ਕੀਤੇ ਜਾਂਦੇ ਹਨ ਅਤੇ ਅਨੇਕ ਪ੍ਰਕਾਰ ਦੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ। ਜਿਹੜੀ ਲੜਕੀ ਦੇ ਜਨਮ ਉੱਪਰ ਨਹੀਂ ਹੁੰਦੀਆਂ। ਪਰ ਫਿਰ ਵੀ ਮਾਂ ਲਈ ਲੜਕੀ ਵੀ ਉਨੀ ਹੀ ਪਿਆਰੀ ਹੁੰਦੀ ਹੈ, ਜਿਨਾਂ ਕੇ ਲੜਕਾ ਪਿਆਰਾ ਹੁੰਦਾ ਹੈ। ਕਿਉਂਕਿ ਮਾਂ ਮਾਂ ਹੁੰਦੀ ਹੈ। ਮਾਂ ਆਪਣੇ ਬੱਚਿਆਂ ਵਿੱਚ ਕੋਈ ਫਰਕ ਨਹੀਂ ਰੱਖਦੀ। ਉਹ ਆਪਣੇ ਬੱਚਿਆਂ ਨੂੰ ਹਮੇਸ਼ਾ ਖੁਸ਼ ਰੱਖਣਾ ਚਾਹੁੰਦੀ ਹੈ। ਚਾਹੇ ਇਸ ਲਈ ਉਹ ਕਿੰਨਾ ਵੀ ਕਸ਼ਟ ਕਿਉਂ ਨਾ ਉਠਾਵੇ। ਮਾਂ ਆਪਣੇ ਬੱਚੇ ਦੀ ਖੁਸ਼ੀ ਵਿੱਚ ਆਪਣੀ ਖੁਸ਼ੀ ਮਹਿਸੂਸ ਕਰਦੀ ਹੈ। ਕੋਈ ਵੀ ਇਨਸਾਨ ਜਦੋਂ ਥੱਕ ਜਾਂਦਾ ਹੈ ਜਾਂ ਦੁਖੀ ਹੁੰਦਾ ਹੈ, ਤਾਂ ਉਹ ਮਾਂ ਵਰਗਾ ਸਹਾਰਾ ਭਾਲਦਾ ਹੈ, ਜੋ ਆਪਣੀ ਗੋਦ ਵਿੱਚ ਬਿਠਾ ਕੇ, ਪਿਆਰ ਦੇ ਦੋ ਸ਼ਬਦ ਸੁਣਾ ਕੇ ਖੁਸ਼ ਕਰ ਸਕਦੀ ਹੈ, ਉਹ ਸੰਸਾਰ ਦੀ ਕੋਈ ਚੀਜ਼ ਨਹੀਂ ਦੇ ਸਕਦੀ। ਜਿਹੜੇ ਬੱਚੇ ਛੋਟੀ ਉਮਰ ਵਿੱਚ ਆਪਣੀ ਮਾਂ ਦੇ ਪਿਆਰ ਤੋਂ ਵਾਂਝੇ ਰਹਿ ਜਾਂਦੇ ਹਨ, ਉਹਨਾਂ ਨੂੰ ਸਾਰੀ ਉਮਰ ਮਾਂ ਦੇ ਪਿਆਰ ਤੋਂ ਵਾਂਝੇ ਰਹਿਣਾ ਪੈਂਦਾ ਹੈ। ਉਨ੍ਹਾਂ ਨੂੰ ਇਹ ਦੁੱਖ ਸਾਰੀ ਉਮਰ ਸਹਿਣਾ ਪੈਂਦਾ ਹੈ। ਉਹਨਾਂ ਨੂੰ ਇਸਦਾ ਅਨੁਭਵ ਹੀ ਨਹੀਂ ਹੁੰਦਾ ਕਿ ਮਾਂ ਕੀ ਚੀਜ਼ ਹੈ, ਉਸਦਾ ਪਿਆਰ ਕੀ ਹੈ, ਉਸਦੇ ਗੋਦ ਵਿੱਚ ਸਿਰ ਰੱਖ ਕੇ ਸਾਰੇ ਦੁੱਖਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਕਿਵੇਂ ਮਾਂ ਦਾ ਪਿਆਰ ਬੱਚੇ ਦੀ ਜੀਵਨ ਉਸਾਰੀ ਵਿੱਚ ਕੰਮ ਆਉਂਦਾ ਹੈ। ਇਕ ਆਦਰਸ਼ ਮਾਂ ਆਪਣੇ ਬੱਚੇ ਵਿੱਚ ਹਮੇਸ਼ਾ ਚੰਗੇ ਗੁਣ ਭਰਦੀ ਹੈ ਅਤੇ ਉਸਨੂੰ ਹਮੇਸ਼ਾ ਚੰਗਾ ਇਨਸਾਨ ਬਣਾਉਣਾ ਚਾਹੁੰਦੀ ਹੈ। ਮਾਂ ਆਪਣੇ ਬੱਚੇ ਨੂੰ ਸੁਰੱਖਿਅਤ ਰੱਖਣਾ ਚਾਹੁੰਦੀ ਹੈ। ਇਸ ਦੀ ਉਦਾਹਰਨ ਸਿੰਧ ਘਾਟੀ ਦੀ ਸੱਭਿਅਤਾ ਤੋਂ ਮਿਲਦੀ ਹੈ ਜੋ ਹੁਣ ਨਸ਼ਟ ਹੋ ਚੁੱਕੀ ਹੈ। ਇਸ ਸਭਿਅਤਾ ਦੇ ਹੜੱਪਾ ਤੇ ਮਹਿੰਜੋਦੜੋ ਤੋਂ ਕਈ ਇਸ ਤਰ੍ਹਾਂ ਦੇ ਪਿੰਜਰ ਮਿਲੇ ਹਨ, ਜਿਹਨਾਂ ਵਿੱਚ ਮਾਵਾਂ ਆਪਣੇ ਬੱਚਿਆਂ ਨੂੰ ਆਪਣੇ ਕਲਾਵੇ ਵਿੱਚ ਘੁੱਟੀ ਬੈਠੀਆਂ ਸਨ। ਜਦੋਂ ਬੱਚੇ ਨੂੰ ਕੋਈ ਤਕਲੀਫ ਹੁੰਦੀ ਹੈ ਤਾਂ ਉਸਦੇ ਮੂੰਹ ਵਿੱਚੋਂ ਹਾਏ ਮਾਂ ਸ਼ਬਦ ਆਪ ਮੁਹਾਰੇ ਨਿਕਲਦਾ ਹੈ। ਜਦੋਂ ਵੀ ਕਿਸੇ ਮਾਂ ਦਾ ਬੱਚਾ ਮੁਸੀਬਤ ਵਿੱਚ ਹੁੰਦਾ ਹੈ ਤਾਂ ਮਾਂ ਬੇਚੈਨ ਹੋ ਜਾਂਦੀ ਹੈ। ਉਸਨੂੰ ਵਾਰ- ਵਾਰ ਆਪਣੇ ਬੱਚੇ ਦਾ ਖਿਆਲ ਆਉਂਦਾ ਹੈ ਤਾਂ ਉਹ ਆਪਣੇ ਆਪ ਸਮਝ ਜਾਂਦੀ ਹੈ ਕਿ ਉਸਦਾ ਬੱਚਾ ਕਿਸੇ ਮੁਸੀਬਤ ਵਿੱਚ ਹੈ। ਕਹਿੰਦੇ ਹਨ ਕਿ ਬੱਚੇ ਦੀ ਰਮਜ਼ ਉਸਦੀ ਮਾਂ ਹੀ ਸਮਝ ਸਕਦੀ ਹੈ। ਮਾਂ ਦਾ ਪਿਆਰ ਕੋਈ ਹੋਰ ਨਹੀਂ ਦੇ ਸਕਦੀ ਅਤੇ ਨਾ ਹੀ ਉਹ ਲਾਡ ਪਿਆਰ ਦੇ ਸਕਦੀ ਹੈ, ਜੋ ਇਕ ਮਾਂ ਆਪਣੇ ਬੱਚੇ ਤੇ ਨਿਛਾਵਰ ਕਰਦੀ ਹੈ। ਮਾਂ ਦਾ ਇੱਕ ਰੂਪ ਹੈ – ਮਮਤਾ। ਇਸਦੀ ਜਗ੍ਹਾ ਕੋਈ ਹੋਰ ਨਹੀਂ ਲੈ ਸਕਦਾ। ਕਿਸੇ ਨੇ ਠੀਕ ਕਿਹਾ ਹੈ-

ਮਾਂ ਹੁੰਦੀ ਹੈ ਮਾਂ ਉਹ ਦੁਨੀਆ ਵਾਲਿਓ
ਮਾਂ ਹੈ ਠੰਡੜੀ ਛਾਂ ਉਹ ਦੁਨੀਆ ਵਾਲਿਓ।

**-ਗੁਰਿੰਦਰ ਸਿੰਘ, ਸੰਗਰੂਰ**

ਆਵਾਜ਼ਿ ਕੌਮ AWAZE QAUM International Newspaper & WEB TV

# ਕੁਦਰਤ ਨੂੰ ਪਿਆਰ ਕਰਨ ਵਾਲੇ ਪੰਜਾਬ ਦੇ ਮਹਿਰੂਮ ਸ਼ਾਇਰ ਸ਼ਿਵ ਬਟਾਲਵੀ ਦੇ ਨਾਮ ’ਤੇ ਇੱਕ ਰੁੱਖ ਅੰਬ ਅਤੇ ਹੋਰ ਛਾਂ ਦਾਰ ਰੁੱਖਾਂ ਨੂੰ ਲਗਾਇਆ ਗਿਆ :-ਗੀਤਕਾਰ ਨਰਿੰਦਰ ਨਿੰਦੀ ਮੰਗਿਆਲ

**ਪਠਾਨਕੋਟ, 26 ਜੁਲਾਈ (ਆਵਾਜ਼ਿ ਕੌਮ ਬਿਊਰੋ)**-ਹਲਕਾ ਭੋਆ ਦੇ ਪਿੰਡ ਮੰਗਿਆਲ ਜਿਲ੍ਹਾ ਪਠਾਨਕੋਟ ਵਿੱਚ ਅੱਜ ਇੱਕ ਰੁੱਖ ਮੇਰੀ ਮਾਂ ਦੇ ਨਾਮ ਤਹਿਤ ਪ੍ਰੋਗਰਾਮ ਨੂੰ ਜਾਰੀ ਰੱਖਦਿਆਂ ਮੇਰਾ ਯੁਵਾ ਭਾਰਤ ਗੁਰਦਾਸਪੁਰ / ਪਠਾਨਕੋਟ ਅਤੇ ਪਬਲਿਕ ਵਿਕਾਸ ਕੌਂਸਲ ਐਨ, ਜੀ, ਓ ਨੇ ਇੱਕ ਰੁੱਖ ਮੇਰੀ ਮਾਂ ਦੇ ਨਾਮ 2.0 ਅਭਿਆਨ ਕੀਤਾ ਸ਼ੁਰੂ ਅੱਜ ਹਲਕਾ ਭੋਆ ਦੇ ਪਿੰਡ ਮੰਗਿਆਲ ਜਿਲ੍ਹਾ ਪਠਾਨਕੋਟ ਵਿਖੇ ਯੁਵਾ ਮਾਮਲੇ ਮੰਤਰਾਲਾ, ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੀ ਜਿਲ੍ਹਾ ਯੂਥ ਅਫ਼ਸਰ ਸੰਦੀਪ ਕੌਰ ਜੀ ਦੇ ਨਿਰਦੇਸ਼ਾਂ ਹੇਠ ਪਬਲਿਕ ਵਿਕਾਸ ਕੌਂਸਲ ਐਨ ਜੀ ਓ ਸੁਜਾਨਪੁਰ ਦੇ ਪ੍ਰਧਾਨ ਨਰਿੰਦਰ ਨਿੰਦੀ ਮੰਗਿਆਲ ਅਤੇ ਚੇਅਰਪ੍ਰਸਨ ਨਿਰਮਲਜੀਤ ਕੌਰ ਦੀ ਅਗਵਾਈ ਹੇਠ ਸ਼ੁਰੂ ਕੀਤਾ ਗਿਆ। ਇੱਕ ਰੁੱਖ ਮੇਰੀ ਮਾਂ ਦੇ ਨਾਮ 2.0 ਅਭਿਆਨ ਦੀ ਸ਼ੁਰੂਆਤ ਪਿੰਡ ਮੰਗਿਆਲ ਵਿਖੇ ਪੰਜਾਬ ਦੇ ਪ੍ਰਸਿੱਧ ਸ਼ਾਇਰ ਸ਼ਿਵ ਬਟਾਲਵੀ ਦੀ ਯਾਦ ਵਿੱਚ ਜਿੱਥੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ ਅੱਜ ਉਹਨਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਪੰਜਾਬ ਦੇ ਪ੍ਰਸਿੱਧ ਸਮਾਜ ਸੇਵੀ ਗੀਤਕਾਰ ਲੇਖਕ ਨਿੰਦੀ ਮੰਗਿਆਲ ਅਤੇ ਐਮ ਐਚ ਪੰਜਾਬ ਚੈਨਲ ਦੇ ਐਮ ਡੀ ਸ਼੍ਰੀ ਪ੍ਰਦੀਪ ਸਿੰਘ ਤੇ ਨੀਰੂ ਗੁਰਨਾਲ ਮੀਡੀਆ ਅਤੇ ਸ਼ੰਮੀ ਮੇਹਰਾ, ਸਰਦਾਰ ਗੁਰਦੀਪ ਸਿੰਘ ਦੀ ਹਾਜ਼ਰੀ ਵਿੱਚ ਸ਼ਾਇਰ ਸ਼ਿਵ ਬਟਾਲਵੀ ਨੂੰ ਯਾਦ ਕਰਦਿਆਂ ਇੱਕ ਅੰਬ ਦਾ ਰੁੱਖ ਅਤੇ ਬਾਕੀ ਛਾਂ ਦਾਰ ਰੁੱਖਾਂ ਨੂੰ ਜਿੱਥੇ ਉਹਨਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ ਸੀ ਉਸੇ ਸਥਾਨ ਵਿੱਚ ਅਤੇ ਉਹਨਾਂ ਦੇ ਨਾਮ ਰੁੱਖਾਂ ਨੂੰ ਲੱਗਾ ਕੇ ਉਹਨਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਲਗਾਇਆ ਗਿਆ ਹੈ। ਯਾਦ ਰਹੇ ਕਿ ਪਿੰਡ ਮੰਗਿਆਲ ਸ਼ਿਵ ਬਟਾਲਵੀ ਦੇ ਸੁਸਰਾਲ ਪਿੰਡ ਹੈ। ਉਥੇ ਉਹਨਾਂ ਨੇ ਅਤਿਮ ਸੁਆਸ ਤਿਆਗੇ ਸਨ। ਇਸ ਪਿੰਡ ਵਿੱਚ ਉਹਨਾਂ ਦੀ ਯਾਦ ਵਿੱਚ ਲਾਇਬਰੇਰੀ ਵੀ ਬਣੀ ਹੋਈ ਹੈ। ਪ੍ਰਸਿੱਧ ਗੀਤਕਾਰ ਸਮਾਜ ਸੇਵੀ ਨਰਿੰਦਰ ਨਿੰਦੀ ਮੰਗਿਆਲ ਜੀ ਵੀ ਇਸ ਪਿੰਡ ਦੇ ਜੰਮਪਲ ਹਨ। ਬੇਸ਼ਕ ਉਹ ਸੁਜਾਨਪੁਰ ਰਹਿੰਦੇ ਹਨ। ਉਹਨਾਂ ਦੇ ਆਦਰਸ ਸ਼ਿਵ ਬਟਾਲਵੀ ਹੀ ਹਨ। ਉਹਨਾਂ ਕਿਹਾ ਕੀ ਸ਼ਿਵ ਬਟਾਲਵੀ ਦੀ ਯਾਦ ਵਿੱਚ ਇੱਕ ਸੰਸਥਾ 2006ਵਿੱਚ ਸ਼ਿਵ ਬਟਾਲਵੀ ਸਭਿਆਚਾਰਕ ਵੈਲਫ਼ੇਅਰ ਮੰਚ ਮੰਗਿਆਲ ਨਾਮ ਪਰ ਰਜਿਸਟਰ ਹੈ। ਜਿਸ ਦੇ ਪ੍ਰਧਾਨ ਨਰਿੰਦਰ ਨਿੰਦੀ ਮੰਗਿਆਲ ਜੀ ਹਨ। ਇਸ ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦਿਆਂ ਅੱਜ 30ਬੂਟੇ ਜਾਮਣ, ਅਮਰੂਦ, ਅੰਬ, ਸੁਖਚੈਨ,ਪਿੱਪਲ, ਸ਼ਿਹਤੂਤ, ਨਿਮ ਆਦਿ ਦੇ ਵੱਖ ਵੱਖ ਤਰਾਂ ਦੇ ਰੁੱਖਾਂ ਨੂੰ ਲੱਗਾ ਕੇ ਬਿਰਹੋਂ ਦੇ ਬਾਦਸ਼ਾਹ ਮਹਿਰੂਮ ਸ਼ਿਵ ਬਟਾਲਵੀ ਜੀ ਨੂੰ ਯਾਦ ਕੀਤਾ ਗਿਆ। ਇਸ ਵਣ ਮਹਾਂਉਤਸਵ ਵਿੱਚ ਪ੍ਰਧਾਨ ਨਿੰਦੀ ਮੰਗਿਆਲ, ਇਸ ਮੌਕੇ ਯੁਵਾ ਸਰਪੰਚ ਰਾਮ ਸਿੰਘ ਬਿੱਟੂ,ਦਰਸ਼ਨ ਲਾਲ ਮੇਹਰਾ, ਅੰਕੁ ਸ਼ਰਮਾ, ਦਿਪੂ,,ਦਲਬੀਰ ਸਿੰਘ ਬਿੱਟੂ ਠਾਕੁਰ ਦੀ ਸਮੂਲੀਅਤ ਵੱਖ ਵੱਖ ਸਮਾਜ ਸੇਵੀ ਬੁਧੀ ਜੀਵੀ ਵਪਾਰੀ ਲੋਕਾਂ ਨੇ ਹਿੱਸਾ ਲਿਆ ਇਸ ਮੌਕੇ ਵੱਖ ਵੱਖ ਬੁਲਾਰਿਆ ਕਿਹਾ ਕੇ ਰੁੱਖਾਂ ਨੂੰ ਲਗਾਉਣ ਦਾ ਇੱਕ ਵਧੀਆ ਤੇ ਸੁਖਦਾਇਕ ਉਪਰਾਲਾ ਮੇਰਾ ਯੁਵਾ ਭਾਰਤ ਗੁਰਦਾਸਪੁਰ /ਪਠਾਨਕੋਟ ਵੱਲੋ ਭਾਰਤ ਸਰਕਾਰ ਦੇ ਯੋਗ ਉਪਰਾਲੇ ਨਾਲ਼ ਕੀਤਾ ਗਿਆ। ਉਹਨਾਂ ਪੰਜਾਬ ਸਰਕਾਰ ਦੇ ਜੰਗਲਾਤ ਮਹਿਕਮੇਂ ਦੇ ਅਫਸਰਾਂ ਵਲੋਂ ਰੁੱਖ ਲਾਉਣ ਵਿਚ ਕੀਤੇ ਸਹਿਯੋਗ ਦੀ ਵੀ ਪ੍ਰਸੰਸਾ ਕੀਤੀ ਗਈ। ਇਸ ਮੌਕੇ ਨਰਿੰਦਰ ਨਿੰਦੀ ਨੇ ਕਿਹਾ ਕੇ ਰੁੱਖ ਜਿੱਥੇ ਸਾਨੂੰ ਸ਼ੁੱਧ ਵਾਤਾਵਰਨ ਦੀ ਤਾਜੀ ਹਵਾ ਦੇਂਦੇ ਹਨ ਉਥੇ ਮਨੁੱਖ ਦੇ ਪ੍ਰਣਾ ਨੂੰ ਬਚਾਉਣ ਲਈ ਐਕਸੀਜ਼ਨ ਦੀ ਲੋੜ ਨੂੰ ਵੀ ਪੂਰਾ ਕਰਦੀ ਹੈ ਰੁੱਖ ਜਿੱਥੇ ਮਨੁੱਖ ਦੇ ਪ੍ਰਾਣ ਬਚਾਉਂਦੇ ਹਨ ਉਥੇ ਪੰਛੀ ਪੱਖੇਰੂਆ ਦੇ ਨਿਵਾਸ ਦਾ ਵੀ ਸਹਾਰਾ ਹਨ ਰੁੱਖਾਂ ਨਾਲ਼ ਜਨ ਜੀਵਨ ਬੱਚਦਾ ਹੈ ਉਥੇ ਤਾਪਮਾਨ ਨੂੰ ਕੱਟਰੋਲ ਕਰਨ ਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਠੀਕ ਹੁੰਦਾ ਰੁੱਖ ਇਨਸਾਨ ਦੀ ਜਿੰਦਗੀ ਵਿੱਚ ਆਪਣਾ ਅਹਿਮ ਕਿਰਦਾਰ ਨਿਭਾਉਂਦੇ ਹਨ ਅਸੀਂ ਇਹਨਾਂ ਦੀ ਸਾਂਭ ਸੰਭਾਲ ਕਰਨ ਲਈ ਸਭ ਨੂੰ ਅੱਗੇ ਆਉਣਾ ਚਾਹੀਦਾ ਹੈ ਤੇ ਸਾਡਾ ਸਭ ਦਾ ਮਨੁੱਖੀ ਫਰਜ ਬਣਦਾ ਹੈ ਰੁੱਖਾਂ ਨੂੰ ਵੱਧ ਤੋਂ ਵੱਧ ਲੱਗਾ ਕੇ ਆਪਣਾ ਕਰਤਵ ਨਿਭਾਈਏ ਇਸ ਮੌਕੇ ਤੇ ਪੰਕਜ ਧੀਮਾਨ, ਪ੍ਰੇਮ ਚੰਦ, ਵਿਕਰਾਂਤ ਮਹਾਜਨ ਵਿੱਕੀ, ਰਜਨੀ ਬ ਤਰਸੇਮ ਬਰਨਾਲਾ, ਪਰਵਿੰਦਰ, ਅਸ਼ਵਨੀ ਕੁਮਾਰ, ਸੁਰਿੰਦਰ ਸਿੰਘ, ਆਦਿ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਵਾਹਿਗੁਰੂ ਜੀ ਕਾ ਖਾਲਸਾ।

# ਚਰਨ ਸਰਨਿ ਗੁਰ ਏਕ ਪੈਡਾ ਜਾਇ ਚਲ
# ਸਤਿਗੁਰ ਕੋਟਿ ਪੈਡਾ ਆਗੇ ਹੋਇ ਲੇਤ ਹੈ

ਵਾਹਿਗੁਰੂ ਜੀ ਕੀ ਫ਼ਤਹਿ॥

ਆਵਾਜ਼ਿ ਕੌਮ AWAZE QAUM

# ਆਵਾਜ਼ਿ-ਕੌਮ ਟੂਰ ਐਂਡ ਟਰੈਵਲਜ਼

**RAGHBIR SINGH (Call : +44 7976 210161)**

**121. Broadway west Walsall, West Midlands, WS1 4DW, England uk**


ਸ੍ਰੀ ਅਕਾਲ ਤਖ਼ਤ ਸਾਹਿਬ
SRI AKAL TAKHAT SAHIB


ਸ੍ਰੀ ਪਟਨਾ ਸਾਹਿਬ
SRI PATNA SAHIB


ਸ੍ਰੀ ਕੇਸਗੜ੍ਹ ਸਾਹਿਬ
SRI KESGARH SAHIB


ਸ੍ਰੀ ਦਮਦਮਾ ਸਾਹਿਬ
SRI DAMDAMA SAHIB


ਸ੍ਰੀ ਹਜ਼ੂਰ ਸਾਹਿਬ
SRI HAZUR SAHIB

# ਪੰਜ ਤਖ਼ਤ ਯਾਤਰਾ

ਬੜੇ ਮਾਣ ਅਤੇ ਸਤਿਕਾਰ ਨਾਲ ਆਪ ਜੀ ਨੂੰ ਸੂਚਿਤ ਕੀਤਾ ਜਾ ਰਿਹਾ ਹੈ ਕਿ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਵਾਹਿਗੁਰੂ ਜੀ ਕੀ ਕ੍ਰਿਪਾ ਸਦਕਾ 15 ਫਰਵਰੀ 2026 ਤੋਂ 25 ਫਰਵਰੀ 2026 (10 ਰਾਤ, 11 ਦਿਨ) ਤੱਕ ਪੰਜ ਤਖਤ ਸਹਿਬਾਨ ਦੀ ਮਹਾਂ ਯਾਤਰਾ ਕਰਵਾਉਣ ਜਾ ਰਿਹਾ ਹੈ। ਆਪ ਸਭ ਨੂੰ ਬੇਨਤੀ ਹੈ ਕਿ ਤੁਸੀ ਵੀ ਇਸ ਯਾਤਰਾ ਦਾ ਹਿੱਸਾ ਬਣੋ ਅਤੇ ਪੰਜ ਤਖ਼ਤ ਸਾਹਿਬਾਨ ਦੀ ਯਾਤਰਾ ਕਰਕੇ ਆਪਣੇ ਜੀਵਨ ਨੂੰ ਸਫਲਾ ਕਰੋ ਜੀ। ਤੁਹਾਡੀ ਇਸ ਯਾਤਰਾ ਨੂੰ ਯਾਦਗਾਰੀ ਤੇ ਬਿਹਤਰੀਨ ਬਨਾਉਣ ਲਈ **ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼** ਦੀ ਟੀਮ ਹਰ ਸੰਭਵ ਯਤਨ ਕਰਕੇ ਤੁਹਾਨੂੰ ਸ਼ਾਨਦਾਰ ਸਹੂਲਤਾਂ ਪ੍ਰਦਾਨ ਕਰੇਗੀ। ਯਾਤਰਾ ਗੁਰਦਾਵਾਰਾ ਸ਼੍ਰੀ ਦੁਖ ਨਿਵਾਰਨ ਪਾਤਸ਼ਾਹੀ 9ਵੀਂ ਗੁਰੂ ਤੇਗ ਬਹਾਦੁਰ ਨਗਰ, ਜਲੰਧਰ ਤੋਂ ਅਰਦਾਸ ਅਤੇ ਜੈਕਾਰਿਆਂ ਦੀ ਗੂੰਜ 'ਚ 15 ਫਰਵਰੀ, 2026 ਨੂੰ ਸ਼ੁਰੂ ਹੋਵੇਗੀ ਤੇ ਇੱਥੇ ਹੀ 25 ਫਰਵਰੀ, 2026 ਨੂੰ ਸੰਪੰਨ ਹੋਵੇਗੀ।

## ਟੂਰ ਪੈਕੇਜ

ਧਾਰਮਿਕ ਤੇ ਇਤਿਹਾਸਕ ਟੂਰ ਜਲੰਧਰ ਤੋਂ ਸ਼ੁਰੂ ਹੋ ਕੇ ਸ਼੍ਰੀ ਅੰਮ੍ਰਿਤਸਰ ਸਾਹਿਬ, ਹੈਦਰਾਬਾਦ, ਗੁਰਦਵਾਰਾ ਨਾਨਕ ਝੀਰਾ ਬਿਦਰ ਤੋਂ ਬਾਅਦ ਸ਼੍ਰੀ ਹਜ਼ੂਰ ਸਾਹਿਬ ਪਹੁੰਚੇਗਾ, ਜਿਥੇ ਤਖ਼ਤ ਸ਼੍ਰੀ ਹਜ਼ੂਰ ਸਾਹਿਬ ਤੋਂ ਇਲਾਵਾ ਹੋਰ ਵੀ 9 ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਹੈਦਰਾਬਾਦ ਪਹੁੰਚ ਕੇ ਹਵਾਈ ਜਹਾਜ ਦੇ ਰਾਹੀ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਚੰਡੀਗੜ ਵਾਪਸੀ ਵੀ ਹਵਾਈ ਸਫ਼ਰ ਰਾਹੀਂ ਹੋਵੇਗੀ। ਉਪਰੰਤ ਸ਼੍ਰੀ ਆਨੰਦਪੁਰ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਅੰਮ੍ਰਿਤਸਰ ਸਾਹਿਬ ਪਹੁੰਚਿਆ ਜਾਵੇਗਾ। ਇਸ ਯਾਤਰਾ ਦੇ ਦੌਰਾਨ ਸਿੱਖ ਗੁਰੂ ਸਾਹਿਬਾਨ ਦੀ ਚਰਨਛੋਹ ਪ੍ਰਾਪਤ 32 ਇਤਿਹਾਸਕ ਗੁਰਦਾਵਾਰਾ ਸਾਹਿਬਾਨ ਦੇ ਦਰਸ਼ਨ ਕਰਵਾਏ ਜਾਣਗੇ। ਇਸ ਤੋਂ ਇਲਾਵਾ ਕੁਝ ਅਜਾਇਬ ਘਰ, ਜਲ੍ਹਿਆਵਾਲਾ ਬਾਗ, ਵਾਹਗਾ ਬਾਰਡਰ ਦੀ ਰੀਟਰੀਟ ਸੇਰੇਮਨੀ ਤੇ ਹੋਰ ਇਤਿਹਸਕ ਸਥਾਨਾਂ ਦੀ ਯਾਤਰਾ ਵੀ ਕਰਵਾਈ ਜਾਵੇਗੀ।

- ਲਗਜਰੀ ਹੋਟਲਾਂ 'ਚ ਸਟੇਅ
- ਲਗਜ਼ਰੀ ਏ. ਸੀ. ਕੋਚ
- ਡੋਮੈਸਟਿਕ ਫਲਾਈਟਾਂ
- ਗਾਈਡ
- ਯਾਤਰਾਂ ਤੋਂ ਪਹਿਲਾਂ ਅਤੇ ਬਾਅਦ ਵਿੱਚ ਇੰਡੀਆ 'ਚ ਸਟੇਅ ਕੀਤਾ ਜਾ ਸਕਦਾ ਹੈ।
- ਪਹਿਲਾ ਅਤੇ ਅੰਤਿਮ ਪੜਾਅ ਜਲੰਧਰ ਵਿਖੇ।

ਬੁੱਕ ਕਰਨ ਲਈ 600 ਪੌਂਡ ਐਡਵਾਂਸ ਦੇ ਤੌਰ 'ਤੇ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਬੁਕਿੰਗ ਫੀਸ ਜਮ੍ਹਾ ਕਰਵਾਉਣ ਉਪਰੰਤ ਰੈਫਰੈਂਸ ਨੰਬਰ ਭੇਜਣਾ ਹੋਵੇਗਾ ਅਤੇ ਬਾਕੀ ਰਹਿੰਦੀ ਫੀਸ ਯਾਤਰਾ ਤੋਂ ਦੋ ਹਫ਼ਤਿਆਂ ਦੇ ਅੰਦਰ-ਅੰਦਰ ਜਮ੍ਹਾ ਕਰਵਾਉਣੀ ਹੋਵੇਗੀ।

### ਅਕਾਊਂਟ ਨੰਬਰ ਤੇ ਡਿਟੇਲ

Account Name : RAGHBIR SINGH
Bank Name : HALIFAX
Sort Code : 11-08-07
Account No. : 00516474

ਸੰਪਰਕ ਨੰ. :
+44 7458 381111 +44 7976 210161
email: gnstuk@hotmail.com

To Book please ring (+44 7458 381111) or WhatsApp (+44 7976 210161) / email (gnstuk@hotmail.com) the next of kin form along with a copy of your passport.

★ ਸਲਾਹ ★
ਸਮੂਹ ਸੰਗਤ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਤੌਰ 'ਤੇ ਟਰੈਵਲ ਇੰਸ਼ੋਰੈਂਸ ਕਰਵਾ ਲੈਣ

ਬਿਨਾਂ ਕੋਈ ਨੋਟਿਸ ਦਿੱਤੇ ਪ੍ਰੋਗਰਾਮ 'ਚ ਤਬਦੀਲੀ ਕੀਤੀ ਜਾ ਸਕਦੀ ਹੈ।

## ਜ਼ਿੰਦਗੀ ਭਰ ਦੀ ਯਾਦ ਬਣਨ ਵਾਲੀ
# ਪੰਜ ਤਖ਼ਤ ਯਾਤਰਾ

ਆਵਾਜ਼ਿ ਕੌਮ AWAZE QAUM

10 ਰਾਤਾਂ ਤੇ 11 ਦਿਨ ਦੀ ਯਾਤਰਾ ਦਾ ਵੇਰਵਾ ਵਿਸਥਾਰ ਸਹਿਤ ਹੇਠ ਲਿਖੇ ਅਨੁਸਾਰ ਹੈ :

### 15 ਫਰਵਰੀ (ਦਿਨ 1)



ਸਾਰੀ ਸੰਗਤ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਪਾਤਸ਼ਾਹੀ 9ਵੀਂ ਗੁਰੁ ਤੇਗ ਬਹਾਦੁਰ ਨਗਰ ਵਿਖੇ ਇਕੱਤਰ ਹੋਵੇਗੀ ਤੇ ਇਥੋਂ ਜੈਕਾਰਿਆਂ ਦੀ ਗੂੰਜ 'ਚ ਸ਼੍ਰੀ ਅੰਮ੍ਰਿਤਸਰ ਸਾਹਿਬ ਲਈ ਚਾਲੇ ਪਾਏ ਜਾਣਗੇ। ਕਰਤਾਰਪੁਰ ਵਿਖੇ ਜੰਗ-ਏ-ਆਜਦੀ ਅਜਾਇਬ ਘਰ ਵਿਖਾਇਆ ਜਾਵੇਗਾ। ਹੋਟਲ ਵਿਚ ਪਹੁੰਚ ਕੇ ਚੈਕ ਇਨ ਹੋਵੇਗਾ। ਉਸ ਤੋਂ ਬਾਅਦ ਸਾਰੀ ਸੰਗਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਵੇਗੀ। ਦੁਬਾਰਾ ਵਾਪਸ ਹੋਟਲ ਵਿਚ ਪਹੁੰਚ ਕੇ ਡਿਨਰ ਹੋਟਲ ਕੀਤਾ ਜਾਵੇਗਾ।

### 16 ਫਰਵਰੀ (ਦਿਨ 2)




ਤੜਕੇ ਸਵੇਰੇ 5 ਵਜੇ ਹੈਦਰਾਬਾਦ ਨੂੰ ਜਾਣ ਵਾਸਤੇ ਹਵਾਈ ਅੱਡੇ 'ਤੇ ਪਹੁੰਚਿਆ ਜਾਵੇਗਾ। ਫਲਾਇਟ ਦਾ ਸਮਾਂ 7.30 ਵਜੇ ਸਵੇਰੇ ਹੋਵੇਗਾ। ਹੈਦਰਾਬਾਦ ਤੱਕ ਫਲਾਈ ਸਮਾਂ ਦੋ ਘੰਟੇ ਦਾ ਹੋਵੇਗਾ। ਹੈਦਰਾਬਾਦ ਪਹੁੰਚ ਕੇ ਬੱਸ ਵਿਚ ਬੈਠ ਕੇ ਹੈਦਰਾਬਾਦ ਦਾ ਬਹੁਤ ਹੀ ਮਸ਼ਹੂਰ ਮਿਉਜੀਅਮ ਦਿਖਾਇਆ ਜਾਵੇਗਾ। ਉਸ ਤੋਂ ਬਾਅਦ ਹੋਟਲ ਵਿਚ ਜਾ ਕੇ ਚੈਕ ਇਨ ਤੇ ਲੰਚ ਹੋਵੇਗਾ। ਸ਼ਾਮ 4 ਵਜੇ ਹੈਦਰਾਬਾਦ ਦਾ ਦੁਨੀਆਂ ਭਰ 'ਚ ਮਸ਼ਹੂਰ ਚਾਰਮਿਨਾਰ ਦਿਖਾਇਆ ਜਾਵੇਗਾ। ਡਿਨਰ ਦੱਖਣ-ਭਾਰਤੀ ਸ਼ਾਕਾਹਾਰੀ ਰੈਸਟੋਰੈਂਟ ਵਿਚ (ਖ਼ੁਦ ਦੇ ਖਰਚੇ 'ਤੇ) ਕਰਵਾਇਆ ਜਾਵੇਗਾ। ਵਾਪਸ ਹੋਟਲ ਵਿਚ ਆ ਕੇ ਅਰਾਮ ਕੀਤਾ ਜਾਵੇਗਾ।

### 17 ਫਰਵਰੀ (ਦਿਨ 3)



ਸਵੇਰੇ ਨਾਸ਼ਤੇ ਤੋਂ ਬਾਅਦ ਟਰੇਲ ਰਾਹੀਂ ਬਿਦਰ ਨੂੰ ਚਾਲੇ ਪਾਏ ਜਾਣਗੇ। 3 ਘੰਟੇ ਦੀ ਯਾਤਰਾ ਹੋਵੇਗੀ। ਇੱਥੇ ਪਹੁੰਚ ਕੇ ਗੁਰਦਵਾਰਾ ਨਾਨਕ ਝੀਰਾ ਸਾਹਿਬ ਦੇ ਦਰਸ਼ਨ ਕਰਵਾਏ ਜਾਣਗੇ ਤੇ ਦੁਪਹਿਰ ਨੂੰ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਨੰਦੇੜ ਸਾਹਿਬ ਵੱਲ ਚਾਲੇ ਪਾਏ ਜਾਣਗੇ। ਸ਼ਾਮ ਨੂੰ ਨੰਦੇੜ ਸਾਹਿਬ ਪਹੁੰਚ ਕੇ ਸਰਾਂ ਵਿਚ ਰੈਣ ਵਸੈਰਾ ਹੋਵੇਗਾ। ਰਾਤ ਦਾ ਭੋਜਨ ਕੰਪਨੀ ਵਲੋ ਫਿਕਸਡ ਮੈਨਿਉ 'ਤੇ ਅਧਾਰਤ ਰੈਟੋਰੈਂਟ ਵਿਚ ਹੋਵੇਗਾ ਜਿਸ ਦਾ ਖਰਚਾ ਕੰਪਨੀ ਕਰੇਗੀ। ਰਾਤ ਦਾ ਵਿਸ਼ਰਾਮ ਸਰਾਂ ਵਿੱਚ ਹੋਵੇਗਾ।

### 18 ਫਰਵਰੀ (ਦਿਨ 4)



ਸੰਗਤ ਤੜਕੇ ਸਚਖੰਡ ਸ੍ਰੀ ਨੰਦੇੜ ਸਾਹਿਬ ਦੀ ਹਾਜਰੀ ਭਰੇਗੀ। ਨਾਸ਼ਤਾ ਲੰਗਰ ਹਾਲ ਵਿਚ ਹੋਵੇਗਾ। ਠੀਕ 10 ਵਜੇ ਗੁਰਦਵਾਰਾ ਸਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਬਾਬਾ ਬੰਦਾ ਬਾਹੁਦਰ, ਗੁਰਦਵਾਰਾ ਮਾਲ ਟੇਕੜੀ, ਗੁਰਦਵਾਰਾ ਹੀਰਾ ਘਾਟ, ਗੁਰਦਵਾਰਾ ਮਾਤਾ ਸਾਹਿਬ ਦੇਵਾ ਜੀ ਦੇ ਦਰਸ਼ਨ ਕਰਨ ਉਪਰੰਤ ਇਥੇ ਹੀ ਲੰਗਰ ਛਕਿਆ ਜਾਵੇਗਾ। ਇਸ ਤੋਂ ਬਾਅਦ ਗੁਰਦਵਾਰਾ ਸ਼ਿਕਾਰ ਘਾਟ ਦੇ ਦਰਸ਼ਨ ਉਪਰੰਤ ਚਾਹ ਦਾ ਲੰਗਰ ਛਕਿਆ ਜਾਵੇਗਾ। ਇਸ ਉਪਰੰਤ ਗੁਰਦਵਾਰਾ ਸੰਗਤ ਸਾਹਿਬ ਤੇ ਅਸਤਬਲ ਦੇ ਦਰਸ਼ਨ ਕੀਤੇ ਜਾਣਗੇ। ਗੁਰਦਵਾਰਾ ਨਗੀਨਾ ਘਾਟ ਦੇ ਦਰਸ਼ਨਾ ਤੋਂ ਬਾਅਦ ਗੁਰਦਵਾਰਾ ਬਾਬਾ ਨਿਧਾਨ ਸਿੰਘ ਜੀ ਵਿਖੇ ਰਾਤ ਦਾ ਲੰਗਰ ਹੋਵੇਗਾ। ਰਾਤ ਦਾ ਵਿਸ਼ਰਾਮ ਇੱਥੇ ਸਰਾਂ ਵਿੱਚ ਹੋਵੇਗਾ।

### 19 ਫਰਵਰੀ (ਦਿਨ 5)



ਤੜਕੇ 6 ਵਜੇ ਹੈਦਰਾਬਾਦ ਲਈ ਰਵਾਨਗੀ ਪਾਈ ਜਾਵੇਗੀ ਅਤੇ ਕਿੰਗਸ ਰੈਸਟੋਰੈਂਟ ਵਿੱਚ ਸੰਗਤ ਨੂੰ ਚਾਹ ਪਿਲਾਈ ਜਾਵੇਗੀ। ਹੈਦਰਾਬਾਦ ਪਹੁੰਚ ਕੇ ਇੱਥੋਂ ਦੀ ਮਸ਼ਹੂਰ ਸ਼ਾਕਾਹਾਰੀ ਹੈਦਰਾਬਾਦੀ ਬਰਿਆਨੀ ਦਾ ਅਨੰਦ ਮਾਣਿਆ ਜਾਵੇਗਾ। ਇਸ ਤੋਂ ਬਾਅਦ ਹਵਾਈ ਯਾਤਰਾ ਰਾਹੀਂ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚਿਆ ਜਾਵੇਗਾ। ਹਵਾਈ ਯਾਤਰਾ ਦਾ ਸਮਾਂ 2 ਘੰਟੇ ਦਾ ਹੋਵੇਗਾ। ਹੋਟਲ ਵਿਚ ਚੈਕ ਇਨ ਕਰਨ ਉਪਰੰਤ ਡਿਨਰ ਤਿਆਰ ਮਿਲੇਗਾ।

### 20 ਫਰਵਰੀ (ਦਿਨ 6)



ਸਵੇਰੇ ਨਾਸ਼ਤੇ ਤੋਂ ਬਾਅਦ ਜਨਮ ਅਸਥਾਨ ਸਚਖੰਡ ਸ਼੍ਰੀ ਪਟਨਾ ਸਾਹਿਬ ਦੇ ਦਰਸ਼ਨਾਂ ਲਈ ਚਾਲੇ ਪਾਏ ਜਾਣਗੇ। ਗੁਰਦਵਾਰਾ ਕੰਗਣ ਘਾਟ ਤੇ ਗੁਰਦਵਾਰਾ ਬਾਲ ਲੀਲਾ ਸਾਹਿਬ ਦੇ ਧਰਸ਼ਨ ਕੀਤੇ ਜਾਣਗੇ। ਦੁਪਹਿਰ ਦਾ ਲੰਗਰ ਗੁਰਦਵਾਰਾ ਬਾਲ ਲੀਲਾ ਸਾਹਿਬ ਵਿੱਚ ਹੋਵੇਗਾ। ਇਸ ਉਪਰੰਤ ਗੁਰਦਵਾਰਾ ਗਊ ਘਾਟ, ਗੁਰਦਵਾਰਾ ਗੁਰੂ ਕਾ ਬਾਗ, ਗੁਰਦਵਾਰਾ ਹਾਂਡੀ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਵਾਪਸ ਹੋਟਲ 'ਚ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 21 ਫਰਵਰੀ (ਦਿਨ 7)



ਨਾਸ਼ਤਰਾ ਕਰਨ ਉਪਰੰਤ ਸ੍ਰੀ ਪਟਨਾ ਸਾਹਿਬ ਤੋਂ ਹਵਾਈ ਅੱਡੇ ਲਈ ਚਾਲੇ ਪਾਏ ਜਾਣਗੇ ਤੇ ਹਵਾਈ ਯਾਤਰਾ ਰਾਹੀਂ ਚੰਡੀਗੜ੍ਹ ਪਹੁੰਚਿਆ ਜਾਵੇਗਾ। ਇੱਥੇ ਵਿਸ਼ਵ ਪ੍ਰਸਿੱਧ ਸੁਖਨਾ ਲੇਕ ਘੁੰਮਣ ਉਪਰੰਤ ਹੋਟਲ ਚੈੱਕ ਇਨ ਕੀਤਾ ਜਾਵੇਗਾ ਤੇ ਡਿਨਰ ਉਪਰੰਤ ਰਾਤਰੀ ਵਿਸ਼ਰਾਮ ਹੋਵੇਗਾ।

### 22 ਫਰਵਰੀ (ਦਿਨ 8)




ਨਾਸ਼ਤੇ ਕਰਨ ਉਪਰੰਤ ਟਰੇਨ ਰਾਹੀਂ ਤਖ਼ਤ ਸ੍ਰੀ ਆਨੰਦਪੁਰ ਸਾਹਿਬ ਨੂੰ ਚਾਲੇ ਪਾਏ ਜਾਣਗੇ। ਜਿਥੇ ਗੁਰਦਵਾਰਾ ਸ੍ਰੀ ਕੇਸਗੜ੍ਹ ਸਾਹਿਬ, ਗੁਰਦਾਵਾਰਾ ਸੀਸ ਗੰਜ ਸਾਹਿਬ, ਗੁਰਦਵਾਰਾ ਭੌਰਾ ਸਾਹਿਬ ਤੇ ਕਿਲਾ ਆਨੰਦਗੜ੍ਹ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਉਪਰੰਤ ਬਠਿੰਡਾ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 23 ਫਰਵਰੀ (ਦਿਨ 9)



ਸਵੇਰੇ ਨਾਸ਼ਤੇ ਉਪਰੰਤ ਤਖਤ ਸ੍ਰੀ ਦਮਦਮਾ ਸਾਹਿਬ ਦੇ ਦਰਸ਼ਨਾ ਲਈ ਚਾਲੇ ਪਾਏ ਜਾਣਗੇ। ਬੁਰਜ ਬਾਬਾ ਦੀਪ ਸਿੰਘ ਜੀ ਦੇ ਦਰਸ਼ਨਾ ਤੋਂ ਬਾਅਦ ਲੰਗਰ ਦਾ ਅਨੰਦ ਮਾਣਿਆ ਜਾਵੇਗਾ। ਉਪਰੰਤ ਸ੍ਰੀ ਅੰਮ੍ਰਿਤਸਰ ਸਾਹਬਿ ਲਈ ਚਾਲੇ ਪਾਏ ਜਾਣਗੇ। ਡਿਨਰ ਅਤੇ ਰਾਤਰੀ ਸਟੇਅ ਹੋਟਲ ਵਿਚ ਹੋਵੇਗਾ।

### 24 ਫਰਵਰੀ (ਦਿਨ 10)



ਸਵੇਰੇ ਨਾਸ਼ਤੇ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਜਾਣਗੇ। ਜਲ੍ਹਿਆਵਾਲਾ ਬਾਗ ਵੇਖਿਆ ਜਾਵੇਗਾ। ਦੁਪਹਿਰ ਦਾ ਲੰਗਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਛਕਿਆ ਜਾਵੇਗਾ। ਇਸ ਤੋਂ ਬਾਅਦ ਭਾਰਤ-ਪਾਕਿਸਤਾਨ ਦੀ ਵੰਡ ਨੂੰ ਦਰਸਾਉਂਦਾ ਪਾਰਟੀਸ਼ਨ ਮਿਉਜੀਅਮ ਵਿਖਾਇਆ ਜਾਵੇਗਾ। ਸ਼ਾਮ ਨੂੰ ਵਾਹਗਾ ਬਾਰਡਰ ਪਹੁੰਚ ਕੇ ਰੀਟਰੀਟ ਸੇਰੇਮਨੀ ਦਿਖਾਈ ਜਾਵੇਗੀ। ਡਿਨਰ ਅਤੇ ਰਾਤਰੀ ਵਿਸ਼ਰਾਮ ਹੋਟਲ ਵਿੱਚ ਹੋਵੇਗਾ।

### 25 ਫਰਵਰੀ (ਦਿਨ 11)

ਨਾਸ਼ਤੇ ਕਰਨ ਉਪਰੰਤ ਸੰਗਤ ਜਲੰਧਰ ਲਈ ਚਾਲੇ ਪਾਵੇਗੀ ਅਤੇ ਗੁਰਦਵਾਰਾ ਦੂਖ ਨਿਵਾਰਨ ਪਾਤਸ਼ਾਹੀ 9ਵੀਂ ਪਹੁੰਚ ਕੇ ਅਮਿੱਟ ਧਾਰਮਿਕ ਤੇ ਇਤਹਾਸਕ ਯਾਦਾਂ ਸਮੇਟਦਿਆਂ, ਫਿਰ ਮਿਲਣ ਦੇ ਵਾਅਦੇ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਦਿਆਂ ਟੂਰ ਦੀ ਸਮਾਪਤੀ ਹੋਵੇਗੀ।

ਆਵਾਜ਼ਿ-ਕੌਮ ਟੂਰ ਐਂਡ ਟ੍ਰੈਵਲਜ਼ ਨਾਲ ਯਾਤਰਾ ਕਰਨ ਲਈ ਧੰਨਵਾਦ ਅਤੇ ਵਾਹਿਗੁਰੂ ਜੀ ਦਾ ਕੋਟਿਨ-ਕੋਟਿ ਧੰਨਵਾਦ। ਤੁਹਾਨੂੰ ਹੋਰ ਧਾਰਮਿਕ ਤੇ ਇਤਿਹਾਸਕ ਯਾਤਰਾ 'ਤੇ ਜਲਦ ਲੈ ਕੇ ਜਾਣ ਦਾ ਵਾਅਦਾ ਕਰਦੇ ਹਾਂ।

--★ ਯਾਤਰਾ ਵਿੱਚ ਸ਼ਾਮਲ ਹੋਣ ਅਤੇ ਹੋਰ ਵਧੇਰੇ ਜਾਣਕਾਰੀ ਲਈ ਦਿੱਤੇ ਗਏ ਨੰਬਰਾਂ 'ਤੇ ਸੰਪਰਕ ਕਰੋ ★--

| RAGHBIR SINGH | PARAMJIT SHERGILL | INDERJIT KAUR | KULWINDER MANN |
|---|---|---|---|
| +44 7458 381111, +44 7976 210161 | +44 7858 198159 | +44 7883 635835 | +44 7900 982906 |